ੴ ਸਤਿਗੁਰ ਪ੍ਰਸਾਦਿ

# ਸੰਤਨ ਕੀ ਸੁਣਿ ਸਾਚੀ ਸਾਖੀ

ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਜੀ
ਗੁਰਦੁਆਰਾ ਰਾਮਪੁਰ ਖੇੜੇ ਵਾਲਿਆਂ ਦੇ ਜੀਵਨ ਬ੍ਰਿਤਾਂਤ
ਉਨ੍ਹਾਂ ਦੀ ਆਪਣੀ ਜੁਬਾਨੀ

ਉਲਥਾ ਕਰਤਾ

ਗੁਰਪੁਰਵਾਸੀ ਭਾਈ ਸੋਹਣ ਸਿੰਘ ਜੀ
(ਦਿੱਲੀ)

ਕਰਤਾ ਅਤੇ ਪ੍ਰਕਾਸ਼ਕ
**ਸੰਤ ਸੇਵਾ ਸਿੰਘ**
ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾਕ: ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ)
ਇੰਡੀਆ-144207 ਫੋਨ : +91-1886-260334
E-mail: RamPurKhera@yahoo.ca | www.RamPurKhera.Com

© ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪਹਿਲੀ ਵਾਰ : ਅਕਤੂਬਰ 2015 5000 ਕਾਪੀ

ਕਰਤਾ ਅਤੇ ਪ੍ਰਕਾਸ਼ਕ
**ਸੰਤ ਸੇਵਾ ਸਿੰਘ**
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ)
ਡਾਕਖਾਨਾ: ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ)
ਇੰਡੀਆ-144207 | ਫੋਨ : +91-1886-260334
E-mail: RamPurKhera@yahoo.ca | www.RamPurKhera.Com

**ਭੇਟਾ : ਵੀਚਾਰ ਅਤੇ ਅਮਲ**

ਟਾਈਪ ਸੈਟਿੰਗ ਅਤੇ ਡਿਜ਼ਾਈਨਿੰਗ :

**ਪ੍ਰਿੰਸੀਪਲ ਤੇਜਿੰਦਰ ਸਿੰਘ (ਖ਼ਾਲਸਾ)**
ਸੰਤ ਬਾਬਾ ਹਰਨਾਮ ਸਿੰਘ ਮੈਮੋਰੀਅਲ ਮਲਟੀਮੀਡੀਆ ਅਕੈਡਮੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ)

# ਦੋ ਸ਼ਬਦ

ਸੱਚਖੰਡਵਾਸੀ, ਬ੍ਰਹਮਗਿਆਨੀ, ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਸਤਿਗੁਰੂ ਜੀ ਦੇ ਦਰੋਂ-ਘਰੋਂ ਵਰੋਸਾਈ ਹੋਈ ਉਹ ਆਤਮਾ ਸਨ, ਜਿਹਨਾਂ ਨੇ ਜੀਵਨ ਪ੍ਰਯੰਤ ਗੁਰਮਤਿ ਦੀ ਕਰੜੀ ਘਾਲ-ਕਮਾਈ ਕਰਕੇ ਆਪਣੇ ਮਾਲਕ ਨੂੰ ਰੀਝਾਉਂਦਿਆਂ ਹੋਇਆਂ, ਪ੍ਰਭੂ ਜੀ ਵਿੱਚ ਆਪ ਅਭੇਦਤਾ ਪ੍ਰਾਪਤ ਕੀਤੀ ਅਤੇ ਬੇਅੰਤ ਸੰਸਾਰੀ ਜੀਵਾਂ ਨੂੰ ਪ੍ਰਭੂ-ਪਰਮੇਸ਼ਰ ਜੀ ਦੇ ਲੜ ਲਾਉਣ ਹਿਤ, ਗੁਰੂ ਚਰਨਾਂ ਨਾਲ ਜੋੜਨ ਦਾ ਪਰਉਪਕਾਰੀ ਬਿਰਦ ਪਾਲਦਿਆਂ ਆਪਣਾ ਸਮੁੱਚਾ ਜੀਵਨ ਬਸਰ ਕੀਤਾ।

ਗੁਰਸਿਖੀ ਦੀ ਅਤੁੱਟ ਘਾਲ-ਕਮਾਈ ਕਰਕੇ "**ਭਗਤ ਸੰਗਿ ਪ੍ਰਭੁ ਗੋਸਟਿ ਕਰਤ**" ਦੇ ਗੁਰੂ ਬਚਨਾਂ ਨੂੰ ਸਾਕਾਰ ਕਰਦਿਆਂ ਹੋਇਆਂ ਪ੍ਰਭੂ ਸਰੂਪ ਪਿਆਰੇ ਸਤਿਗੁਰੂ ਸਾਹਿਬਾਨ ਜੀ ਦੇ ਸਾਮਰਤੱਖ ਦਰਸ਼ਨ ਕਰਕੇ ਜਿੱਥੇ ਆਪ ਅਨੰਤ ਰਸਮਈ ਜੀਵਨ ਜੀਵਿਆ, ਉੱਥੇ ਜੀਵਨ ਵਿੱਚ ਆਏ ਕਿਸੇ ਵੀ ਕਿਸਮ ਦੇ ਸ਼ੰਕੇ ਦੀ ਨਵਿਰਤੀ ਅਤੇ ਗੁਰਮਤਿ ਦੇ ਗੁਹਝ ਭੇਦਾਂ ਦੀ ਸਪਸ਼ਟਤਾ ਵੀ ਸਤਿਗੁਰੂ ਸਾਹਿਬਾਨ ਜੀ ਪਾਸੋਂ ਪਰਤੱਖ ਬਚਨ ਬਿਲਾਸ ਕਰਕੇ ਕਰਵਾਉਂਦੇ ਰਹੇ।

ਆਪਣੇ ਜੀਵਨ ਵਿੱਚ ਘਾਲ-ਕਮਾਈ ਕਰਦਿਆਂ ਦੇ ਬ੍ਰਿਤਾਂਤ, ਪ੍ਰਾਪਤੀ ਉਪਰੰਤ ਸਮੇਂ ਸਮੇਂ ਦੇ ਅਨੁਭਵ ਅਤੇ ਸਤਿਗੁਰੂ ਸਾਹਿਬਾਨਾਂ ਨਾਲ ਹੋਏ ਬਚਨ, ਬਾਬਾ ਜੀ ਇੱਕ ਡਾਇਰੀ ਵਿੱਚ ਦਰਜ਼ ਕਰ ਲਿਆ ਕਰਦੇ ਸਨ ਤਾਂ ਜੋ ਇਹਨਾਂ ਅਮੋਲਕ ਬਚਨਾਂ ਦੀ ਸਿਮ੍ਰਤੀ ਜ਼ਿਹਨ ਵਿੱਚ ਤਾਜ਼ਾ ਰਹਿ ਸਕੇ। ਪਰ ਇਹ ਅਮੋਲਕ ਖਜਾਨਾ ਬਾਬਾ ਜੀ ਨੇ ਉਸ ਸਮੇਂ ਅਗਨ ਭੇਟ ਕਰ ਦਿੱਤਾ, ਜਦ ਇੱਕ ਪ੍ਰੇਮੀ ਨੇ ਬਾਬਾ ਜੀ ਤੋਂ ਅਛੋਪਲੇ ਇਹ ਡਾਇਰੀ ਪੜ੍ਹ ਲਈ ਅਤੇ ਬੜੀ ਅਸਚਰਜਤਾ ਨਾਲ ਬਾਬਾ ਜੀ ਨੂੰ ਪੁਛਿਆ ਕਿ ਇਤਨੀ ਆਤਮਿਕ ਉੱਚਤਾ ਅਤੇ ਸਤਿਗੁਰੂ ਜੀ ਨਾਲ ਸਮੀਪਤਾ ਦੀ ਸਾਂਝ ਤੁਸਾਂ ਸਾਡੇ ਨਾਲ ਕਦੇ ਵੀ ਨਹੀ ਕੀਤੀ। ਜਦ ਬਾਬਾ ਜੀ ਨੇ ਪੁੱਛਿਆ ਕਿ ਭਾਈ ਤੈਨੂੰ ਕਿਵੇਂ ਪਤਾ ਹੈ ਕਿ ਸਤਿਗੁਰੂ ਜੀ ਨੇ ਰਹਿਮਤ ਕਰਕੇ ਸਾਨੂੰ ਆਪਣੀ ਨੇੜਤਾ ਬਖਸ਼ਿਸ਼ ਕੀਤੀ ਹੈ? ਤਦ ਉਸ ਸੱਜਣ ਨੇ



ਕਿਹਾ ਕਿ ਮੈਂ ਤੁਹਾਡੇ ਮਗਰੋਂ ਤੁਹਾਡੀ ਲਿਖੀ ਹੋਈ ਡਾਇਰੀ ਪੜ੍ਹੀ, ਜਿਸ ਵਿੱਚ ਤੁਸਾਂ ਇਹ ਸਭ ਲਿਖਿਆ ਹੋਇਆ ਹੈ। ਬਾਬਾ ਜੀ ਨੇ ਉਸ ਪ੍ਰੇਮੀ ਨੂੰ ਚੋਰੀਂ ਨਿੱਜੀ ਡਾਇਰੀ ਪੜ੍ਹਨ ਲਈ ਡਾਂਟਦਿਆਂ ਕਿਹਾ ਕਿ ਸਾਡੇ ਮਨ ਵਿੱਚ ਕਿਸੇ ਕਿਸਮ ਦੀ ਆਪਣੀ ਪ੍ਰਭਤਾ ਵਧਾਉਣ ਜਾਂ ਮਾਣ-ਪ੍ਰਤਿਸ਼ਟਾ ਕਰਾਉਣ ਦੀ ਲਾਲਸਾ ਨਹੀਂ ਹੈ, ਜੋ ਅਸੀਂ ਇਹ ਜੱਗ ਜ਼ਾਹਿਰ ਕਰਦੇ ਫਿਰੀਏ ਕਿ ਸਾਨੂੰ ਸਤਿਗੁਰੂ ਜੀ ਨੇ ਐਨੀਂ ਆਤਮਿਕ ਉੱਚਤਾ ਬਖਸ਼ਿਸ਼ ਕਰ ਰੱਖੀ। ਅਸੀਂ ਤਾਂ ਇਹ ਬਚਨ ਕੇਵਲ ਆਪਣੀ ਸਿਮ੍ਰਤੀ ਵਿੱਚ ਤਾਜ਼ਾ ਰੱਖਣ ਲਈ ਲਿਖੇ ਸਨ। ਪਰ ਤੂੰ ਇਹ ਕਰਮ ਕਰਕੇ, ਕਿਸੇ ਦਾ ਪੜਦਾ ਫੋਲਕੇ (ਭਾਵ ਡਾਇਰੀ ਪੜ੍ਹਕੇ) ਚੰਗਾ ਨਹੀ ਕੀਤਾ। ਹੁਣ ਅਗਾਂਹ ਕਿਸੇ ਪਾਸ ਇਸਦਾ ਜ਼ਿਕਰ ਨਾ ਕਰੀਂ।

ਪਰ ਜਦ ਉਸ ਪ੍ਰੇਮੀ ਵੱਲੋਂ ਹੋਰ ਸੱਜਣਾਂ ਨਾਲ ਇਸ ਵਾਕਿਆ ਦੇ ਜ਼ਿਕਰ ਦਾ ਬਾਬਾ ਜੀ ਨੂੰ ਗਿਆਨ ਹੋਇਆ ਤਦ ਬਾਬਾ ਜੀ ਨੇ ਇਹ ਸੋਚਿਆ ਕਿ ਹੁਣ ਅਸੀਂ ਨਾ ਚਾਹੁੰਦਿਆਂ ਹੋਇਆਂ ਵੀ ਕਿਤੇ ਇਹ ਸਿਲਸਿਲਾ "**ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥ ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥**" ਦਾ ਸਬੱਬ ਨਾ ਬਣਾ ਦੇਵੇ, ਸੋ ਉਹ ਅਮੋਲਕ ਡਾਇਰੀ ਬਾਬਾ ਜੀ ਨੇ ਅਗਨ ਭੇਟ ਕਰ ਦਿੱਤੀ।

ਦਾਸ ਨੇ ਸਮੇਂ-ਸਮੇਂ ਬਾਬਾ ਜੀ ਨੂੰ ਇਹ ਬੇਨਤੀ ਕਰਨੀ ਕਿ ਬਾਬਾ ਜੀ! ਆਪ ਜੀ ਆਪਣੇ ਅੰਦਰ ਇਤਨੇ ਬੇਸ਼ਕੀਮਤੀ ਗੁਰਮਤਿ ਦੇ ਗੁਹਝ ਭੇਦ ਸਮੋਈ ਬੈਠੇ ਹੋ, ਭਾਵੇਂ ਇਹਨਾਂ ਗੁਹਝ ਰਤਨਾਂ ਦੀ ਸਾਂਝ ਆਪ ਜੀ ਨੇ ਦਾਸ ਸਮੇਤ ਹੋਰ ਨਿਕਟਵਰਤੀਆਂ ਨਾਲ ਕੀਤੀ ਹੋਈ ਹੈ ਪਰ ਆਪ ਜੀ ਦੇ ਸਰੀਰਕ ਤੌਰ ਤੇ ਅਲੋਪ ਹੋਣ ਤੋਂ ਬਾਅਦ ਜੇ ਸੰਗਤ ਦੇ ਭਲੇ ਹਿੱਤ ਇਹ ਵਾਕਿਆਤ ਸੰਗਤਾਂ ਨਾਲ ਸਾਂਝੇ ਕੀਤੇ ਤਾਂ ਹੋ ਸਕਦਾ ਹੈ ਕਿ ਸੰਗਤਾਂ ਇਹਨਾਂ ਬਚਨਾਂ ਤੋਂ ਇਸ ਦੁਬਿਧਾ ਕਰਕੇ ਸੰਪੂਰਨ ਲਾਭ ਨਾ ਲੈ ਸਕਣ ਕਿ ਸ਼ਾਇਦ ਆਪਣੇ ਵੱਡਕਿਆਂ ਦੀ ਪ੍ਰਭਤਾ ਵਧਾਉਣ ਲਈ ਆਪਣੇ ਕੋਲੋਂ ਹੀ ਇਹ ਲੋਕ ਸਾਖੀਆਂ ਬਣਾ ਕੇ ਸੁਣਾ ਰਹੇ ਹਨ। ਜੇਕਰ ਆਪਜੀ ਆਪਣੀ ਰਸਨਾਂ ਤੋਂ ਇਹਨਾਂ ਬਚਨਾਂ ਦੀ, ਇਹਨਾਂ ਅਨੁਭਵਾਂ ਦੀ ਸਾਂਝ ਸੰਗਤਾਂ ਨਾਲ ਰਿਕਾਰਡਿੰਗ ਰੂਪ ਵਿੱਚ ਕਰ ਲਵੋ ਤਾਂ ਇਹ ਸੰਗਤ ਦੇ ਭਲੇ ਅਤੇ ਅਨੰਦ ਦਾ ਕਾਰਣ ਬਣ ਕੇ ਆਤਮਿਕ ਲਾਹਾ ਪ੍ਰਦਾਨ ਕਰਨ ਦਾ ਵਸੀਲਾ ਬਣ ਸਕਦਾ ਹੈ। ਨਾਲੇ ਇੱਕ ਪ੍ਰੇਮੀ ਦੀ ਗਲਤੀ ਕਰਕੇ ਤੁਸੀਂ ਬਾਕੀ ਆਤਮਿਕ ਮੁਤਲਾਸ਼ੀਆਂ ਨੂੰ ਆਪਣੇ ਅਨੁਭਵੀ ਖਜ਼ਾਨੇ ਤੋਂ ਬਿਰਵੇ ਨਾ ਰੱਖੋ ਅਤੇ ਕਿਰਪਾ ਕਰਕੇ ਆਪ ਜੀ ਆਪਣੀ ਜ਼ੁਬਾਨੀ ਇਹਨਾਂ ਬਚਨਾਂ ਦੀ ਰਿਕਾਰਡਿੰਗ ਕਰਵਾ ਦੇਵੋ, ਪਰ ਹਰ ਵਾਰ ਉਹਨਾਂ ਟਾਲ-ਮਟੋਲ ਕਰ ਦੇਣੀ ਕਿ ਅਸੀਂ ਕਿਸੇ ਤਰਾਂ ਵੀ ਆਤਮਿਕ ਉੱਚਤਾ ਰੱਖਣ ਦੇ

ਦਾਅਵੇਦਾਰ ਨਹੀ ਬਣਨਾ ਅਤੇ ਨਾ ਹੀ ਲੋਕਾਂ ਪਾਸੋਂ ਆਪਣੀ ਪੂਜਾ ਕਰਵਾਉਣੀ ਹੈ ਕਿ ਇਹਨਾਂ ਸੰਤਾਂ ਦਾ ਅਨੁਭਵ ਬਹੁਤ ਹੈ ਪਰ ਫਿਰ ਵੀ ਦਾਸ ਵਲੋਂ ਸਮੇਂ-ਸਮੇਂ ਬੇਨਤੀ ਰੂਪ ਵਿੱਚ ਆਪਣਾ ਯਤਨ ਜਾਰੀ ਰਿਹਾ।

ਅਚਾਨਕ ਹੀ ਇੱਕ ਦਿਨ ਬਾਬਾ ਜੀ ਨੇ ਹੁਕਮ ਕੀਤਾ ਕਿ ਸੇਵਾ ਸਿੰਘ ! ਜੇ ਤੂੰ ਸਾਨੂੰ ਬਚਨ ਦੇਵੇਂ ਕਿ ਇਹ ਟੇਪ ਸਾਡੇ ਸਰੀਰ ਛੱਡਣ ਤੋਂ ਬਾਅਦ ਹੀ ਸੰਗਤਾਂ ਸਾਹਮਣੇ ਲਿਆਵੇਂਗਾ ਤਾਂ ਜਿੰਨੇ ਕੁ ਬਚਨ ਜਾਂ ਅਨੁਭਵ ਯਾਦ ਹਨ ਉਹ ਅਸੀਂ ਰਿਕਾਰਡ ਕਰਵਾ ਦਿੰਦੇ ਹਾਂ। ਮੇਰੀ ਪ੍ਰਸੰਨਤਾ ਦਾ ਕੋਈ ਠਿਕਾਣਾ ਨਾ ਰਿਹਾ ਅਤੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਦੇ ਹੁਕਮ ਅਨੁਸਾਰ ਐਸਾ ਹੀ ਹੋਵੇਗਾ।

ਸੋ ੨੪ ਸਤੰਬਰ ੧੯੭੦ ਨੂੰ ਬਾਬਾ ਜੀ ਨੇ ਦਾਸ ਨਾਲ ਇੰਟਰਵਿਊ ਰੂਪ ਵਿੱਚ ਜਿਤਨੇ ਕੁ ਬਚਨ ਉਹਨਾਂ ਦੀ ਸਿਮ੍ਰਤੀ ਵਿੱਚ ਸਨ, ਉਨ੍ਹਾਂ ਦੀ ਰਿਕਾਰਡਿੰਗ ਕਰਵਾਈ ਜੋ ਉਸ ਸਮੇਂ ਸਪੂਲਨੁਮਾ ਟੇਪ ਰਿਕਾਰਡਰ ਤੇ ਕੀਤੀ ਗਈ। ਬਾਬਾ ਜੀ ਦੀ ਜੀਵਨ ਗਾਥਾ "ਸੇ ਕਿਨੇਹਿਆ?" ਜੋ ਕਿ ਬੇਅੰਤ ਪ੍ਰਾਣੀਆਂ ਦੇ ਜੀਵਨ ਉਧਾਰ ਦਾ ਕਾਰਨ ਬਣ ਰਹੀ ਹੈ ਅਤੇ ਸੰਗਤਾਂ ਵਿੱਚ ਇਸਦੀ ਮੰਗ ਅਤੇ ਇਸ ਪੁਸਤਕ ਪ੍ਰਤੀ ਪਿਆਰ ਬੇਮਿਸਾਲ ਹੈ, ਦਾ ਮੂਲ ਸ੍ਰੋਤ ਵੀ ਬਾਬਾ ਜੀ ਦੇ ਨਿੱਜੀ ਬਚਨਾਂ ਦੀ ਇਹ ਰਿਕਾਰਡਿੰਗ ਹੀ ਹੈ।

ਬਾਬਾ ਜੀ ਨੂੰ ਦਿੱਤੇ ਬਚਨ ਅਨੁਸਾਰ, ਉਹਨਾਂ ਦੇ ਸੱਚਖੰਡ ਪਿਆਨੇ ਕਰਨ ਤੋਂ ਬਾਅਦ ਸੰਗਤਾਂ ਨਾਲ ਇਹ ਰਿਕਾਰਡਿੰਗ ਸਾਂਝੀ ਕਰਨ ਲਈ ਵੱਡੇ ਸਪੂਲ ਤੋਂ ਛੋਟੀ ਕੈਸਟ ਉੱਪਰ ਅਤੇ ਫਿਰ ਸੀ.ਡੀ. ਤੇ ਇਹ ਰਿਕਾਰਡਿੰਗ transfer ਕੀਤੀ ਗਈ। ਇਸ transfer process ਵਿੱਚ ਆਡੀਓ ਕੁਆਲਿਟੀ ਦਾ ਥੋੜ੍ਹਾ ਫਰਕ ਪੈਣ ਕਰਕੇ ਕਈ ਪ੍ਰੇਮੀਆਂ ਨੂੰ ਬਾਬਾ ਜੀ ਦੇ ਬਚਨ ਸਮਝਣ ਵਿੱਚ ਕੁੱਝ ਮੁਸ਼ਕਿਲ ਪੇਸ਼ ਆਉਣ ਕਾਰਣ ਇਹ ਸੁਝਾਅ ਆਇਆ ਕਿ ਜੇਕਰ ਇਹ ਸਮੁੱਚੀ ਰਿਕਾਰਡਿੰਗ ਦਾ ਹੂਬਹੂ ਉਤਾਰਾ ਲਿਖਤ ਰੂਪ ਵਿੱਚ ਕਰ ਦਿੱਤਾ ਜਾਵੇ ਤਾਂ ਸਰੋਤਾ-ਜਨ ਉਸ ਲਿਖਤ ਨੂੰ ਸਾਹਮਣੇ ਰੱਖ ਕੇ ਇਸ ਸਮੁੱਚੀ ਵਾਰਤਾਲਾਪ ਨੂੰ ਸੁਖੈਨ ਹੀ ਸਰਵਣ ਕਰ, ਸਮਝ-ਗੋਚਰਾ ਕਰ ਸਕਦਾ ਹੈ।



ਇਸ ਮੰਤਵ ਨੂੰ ਮੁੱਖ ਰੱਖ ਕੇ ਗੁਰਮੁਖ ਪਿਆਰੇ ਭਾਈ ਸੋਹਣ ਸਿੰਘ ਜੀ* ਨੇ ਬੜੀ ਲਗਨ ਅਤੇ ਮਿਹਨਤ ਨਾਲ "**ਸੋ ਬੋਲਹਿ ਜੋ ਪੇਖਹਿ ਆਖੀ**" (ਭਾਵ ਜੋ ਅਨੁਭਵ ਮਹਾਂਪੁਰਖਾਂ ਨੇ ਆਪਣੇ ਜੀਵਨ ਵਿੱਚ ਕੀਤਾ ਜਾਂ ਅੱਖੀਂ ਤੱਕਿਆ ਉਹਨਾਂ ਅਮੋਲਕ ਬ੍ਰਿਤਾਂਤਾਂ) ਨੂੰ ਦਰਸਾਉਂਦੀ ਹੋਈ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਦੇ ਉਹਨਾਂ ਬਚਨਾਂ ਦੀ ਰਿਕਾਰਡਿੰਗ ਦਾ ਹੂਬਹੂ ਉਤਾਰਾ ਕਰਨ ਦੀ ਸੇਵਾ ਕੀਤੀ ਹੈ ਜੋ "**ਸੰਤਨ ਕੀ ਸੁਣਿ ਸਾਚੀ ਸਾਖੀ**" ਦੇ ਰੂਪ ਵਿੱਚ ਆਪ ਸੰਗਤਾਂ ਦੇ ਭੇਟ ਕਰਨ ਦੀ ਖੁਸ਼ੀ ਲੈ ਰਹੇ ਹਾਂ। ਆਸ ਹੈ ਕਿ ਇਹ ਯਤਨ ਵੀ ਗੁਰੂ ਪਿਆਰਿਆਂ ਅੰਦਰ ਅਕਾਲ ਪੁਰਖ ਅਤੇ ਸਤਿਗੁਰੂ ਜੀ ਪ੍ਰਤੀ ਦ੍ਰਿੜ ਭਾਵਨੀ ਅਤੇ ਸ਼ਰਧਾ ਪੈਦਾ ਕਰਕੇ ਗੁਰਮਤਿ ਪੰਧ ਉੱਪਰ ਟੋਰਨ ਲਈ ਸਹਾਇਕ ਹੋਵੇਗਾ।

ਗੁਰੂ ਪੰਥ ਦਾ ਦਾਸ

**ਸੰਤ ਸੇਵਾ ਸਿੰਘ**

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

ਡਾ: ਗੜ੍ਹਦੀਵਾਲਾ, ਜ਼ਿਲ੍ਹਾ: ਹੁਸ਼ਿਆਰਪੁਰ (ਪੰਜਾਬ)

ਫੋਨ: +91-1886-260334

www.RamPurKhera.com

1 ਅਕਤੂਬਰ 2015

* ਗੁਰਮੁਖ ਪਿਆਰੇ ਭਾਈ ਸੋਹਣ ਸਿੰਘ ਜੀ, ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਿਖੇ ਕਰੀਬ 15 ਸਾਲ ਗੁਰੂ ਘਰ ਦੀ ਅਣਥੱਕ ਸੇਵਾ ਕਰਦੇ ਹੋਏ ਗੁਰੂ ਮਹਾਰਾਜ ਵਲੋਂ ਬਖਸ਼ੀ ਆਯੂ ਭੋਗ ਕੇ 6 ਮਾਰਚ 2015 ਨੂੰ ਅਕਾਲ ਚਲਾਣਾ ਕਰ ਗਏ ਹਨ।

ਪਰਮ ਸਤਿਕਾਰ ਯੋਗ ਸੰਤ ਬਾਬਾ ਹਰਨਾਮ ਸਿੰਘ ਜੀ ਦਾ ਜੀਵਨ ਬਿਰਤਾਂਤ,ਉਨ੍ਹਾਂ ਦੀ ਆਪਣੀ ਪਵਿੱਤਰ ਰਸਨਾ ਤੋਂ ਉਚਾਰਿਆ ਜੋ ਕਿ ਸੰਤ ਸੇਵਾ ਸਿੰਘ ਜੀ ਨੇ ਉਸ ਮਹਾਨ ਹਸਤੀ ਦੇ ਆਤਮਿਕ ਜੀਵਨ ਦੇ ਅਨੁਭਵਾਂ ਤੋਂ ਪ੍ਰੇਰਣਾ ਲੈਣ ਹਿਤ ਸਾਡੇ ਭੁੱਲੇ ਭਟਕੇ ਜੀਵਾਂ ਨੂੰ ਗੁਰਸਿੱਖੀ ਮਾਰਗ ਤੇ ਚਲਣ ਹਿਤ ੨੪ ਸਤੰਬਰ ੧੯੭੦ ਨੂੰ ਟੇਪ ਰਾਹੀਂ ਇੰਟਰਵਿਊ ਰੂਪ ਵਿੱਚ ਰਿਕਾਰਡ ਕੀਤਾ, ਜੋ ਕਿ ਲਿਖਤੀ ਰੂਪ ਵਿੱਚ ਹੇਠਾਂ ਦਿੱਤਾ ਜਾ ਰਿਹਾ ਹੈ। ਰਿਕਾਰਡਿੰਗ ਦੇ ਸ਼ੁਰੂ ਵਿੱਚ ਸਤਿਕਾਰ ਯੋਗ ਸੰਤ ਸੇਵਾ ਸਿੰਘ ਜੀ ਨੇ ਬਾਬਾ ਜੀ ਦੇ ਬਾਰੇ ਮੁੱਢਲੀ ਜਾਣ-ਪਛਾਣ ਇਸ ਤਰਾਂ ਕਰਾਈ:

...............................

ਦਾਸ ਨੇ ਸੰਮਤ ੨੪ ਸਤੰਬਰ ੧੯੭੦ ਨੂੰ ਬਾਬਾ ਜੀ ਪਾਸ ਬੇਨਤੀ ਕੀਤੀ, ਕਿ ਆਪਣੇ ਜੀਵਨ ਸਬੰਧੀ ਆਪਣੇ ਮੁਖਾਰਬਿੰਦ ਤੋਂ ਕੁੱਝ ਰੋਸ਼ਨੀ ਪਾਵੋ। ਉਨ੍ਹਾਂ ਨੇ ਬੇਨਤੀ ਮੰਨ ਕੇ ਆਪਣੇ ਜੀਵਨ ਦੇ ਕੁੱਝ ਕੁ ਵਾਕਿਆਤ ਜੋ ਉਨ੍ਹਾਂ ਨੂੰ, ੭੫ ਸਾਲ ਦੀ ਲੰਮੇਰੀ ਉਮਰ ਪਿੱਛੋਂ ਯਾਦ ਆਏ ਰਿਕਾਰਡ ਕਰਾਣ ਦੀ ਕਿਰਪਾ ਕੀਤੀ। ਸੰਤ ਮਹਾਰਾਜ ਜੀ ਦਾ ਨਾਮ, ਬਾਬਾ ਹਰਨਾਮ ਸਿੰਘ ਜੀ ਹੈ। ਬਾਬਾ ਜੀ ੨੨ ਸਾਲ ਤੋਂ ਇਸ ਥੇਹ ਉੱਤੇ ਰਹਿ ਰਹੇ ਹਨ। ਇਹ ਥੇਹ ਗੋਂਦਪੁਰ, ਮਾਛੀਆਂ, ਤਲਵੰਡੀ, ਬਾਹਲਿਆਂ (ਪਿੰਡਾਂ) ਦੇ ਵਿਚਕਾਰ ਹੈ, ਜਿੱਥੇ ਕਿ ਅੱਜਕਲ ਬੜਾ ਭਾਰਾ ਗੁਰਦੁਆਰਾ ਸ਼ਸ਼ੋਭਿਤ ਹੈ। ਜਿਸ ਗੁਰਦੁਆਰੇ ਦਾ ਨਾਂਉਂ "**ਗੁਰਦੁਆਰਾ ਰਾਮਪੁਰ ਖੇੜਾ**" ਹੈ, ਡਾਕਖਾਨਾ ਗੜ੍ਹਦੀਵਾਲਾ ਹੈ ਜ਼ਿਲ੍ਹਾ ਹੁਸ਼ਿਆਰਪੁਰ ਹੈ।

**ਬਾਬਾ ਜੀ:** ਕਾਕਾ ਸੇਵਾ ਸਿੰਘ! ਮੇਰੇ ਜੀਵਨ ਦਾ ਇਸ ਤਰ੍ਹਾਂ ਹਾਲ ਹੈ, ਮੇਰਾ ਪਿੰਡ ਧੁੱਗੇ ਕਲਾਂ ਹੈ ਤੇ ਮਾਤਾ ਦਾ ਨਾਮ ਨਰੈਣ ਕੌਰ, ਪਿਤਾ ਜੀ ਦਾ ਨਾਮ ਅੱਛਰ ਸਿੰਘ ਹੈ। ਪੰਜ ਅਸੀਂ ਭਰਾ ਸੀ, ਪੰਜਵਾ ਵੱਡਾ ਭਰਾ ਸਾਡਾ ਮਿਹਰ ਸਿੰਘ ਸੀ, ਜੋ ਪਲਟਨ ਵਿੱਚ ਨੌਕਰ ਸੀ। ਉਹ ਕੁੱਝ ਚਿਰ ਨੌਕਰੀ ਕਰਕੇ ਉੱਥੇ ਉਹ ਚੜ੍ਹਾਈ ਕਰ ਗਿਆ। ਬਾਅਦ ਵਿੱਚ ਫਿਰ ਅਸੀਂ-ਮੇਰੀ ਉਮਰ ਕੋਈ, ਸੱਤਾਂ ਵਰ੍ਹਿਆਂ ਦੀ ਸੀ, ਜਦੋਂ ਮੇਰਾ-

**ਸੇਵਾ ਸਿੰਘ ਜੀ:** ਬਾਕੀ ਭਰਾ ਜਿਹੜੇ ਉਨ੍ਹਾਂ ਦੇ ਕੀ ਨਾਂ ਸੀ?

**ਬਾਬਾ ਜੀ** : ਉਨ੍ਹਾਂ ਦੇ ਨਾਂ ਸੀ, ਭਾਈ ਤਾਰਾ ਸਿੰਘ, ਭਾਈ ਠਾਕਰ ਸਿੰਘ, ਭਾਈ ਲਛਮਣ ਸਿੰਘ।



**ਸੇਵਾ ਸਿੰਘ ਜੀ:** ਤੁਸੀਂ ਸਾਰਿਆਂ ਤੋਂ ਛੋਟੇ ਸੀ ਜੀ?

**ਬਾਬਾ ਜੀ** : ਨਹੀਂ, ਮੈਂ ਤਾਰਾ ਸਿੰਘ ਤੋਂ ਛੋਟਾ ਸੀ। ਇਹ ਮੇਤੋਂ ਛੋਟੇ ਸੀ ਦੋਨੋਂ।

**ਸੇਵਾ ਸਿੰਘ ਜੀ:** ਅੱਛਾ ਜੀ! ਭੈਣਾਂ ਵੀ ਸੀ ਆਪਣੀਆਂ ਜੀ?

**ਬਾਬਾ ਜੀ** : ਭੈਣ ਸਾਡੀ ਬੜੀ ਜੁਆਲੀ ਸੀ, ਸਾਰਿਆਂ ਤੋਂ ਬੜੀ ਸੀ ਓਹੋ। ਤੇ ਭਾਈ ਤਾਰਾ ਸਿੰਘ ਤੇ ਛੋਟੀ ਸੀ ਰੁਕਮਣ, ਮੇਤੋਂ ਵੱਡੀ ਸੀ। ਸੱਤ ਸਾਲ ਦੀ ਉਮਰ ਸੀ ਮੇਰੀ ਜਦੋਂ ਮੇਰਾ ਵਿਆਹ ਹੋਇਆ, ਤੇ ਦੋ ਸਾਲ ਬਾਅਦ ਪਿਤਾ ਗੁਜ਼ਰ ਗਿਆ, ਇੱਕ ਸਾਲ ਬਾਅਦ ਫਿਰ ਘਰੋਂ ਗੁਜ਼ਰ ਗਈ। ਉਹਤੋਂ ਬਾਅਦ ਫੇਰ ਉਹਨਾਂ ਨੇ, ਹੋਰ ਦੂਈ ਸੀ, ਉਹ ਮੰਗ ਦਿੱਤੀ। ਉਹ ਵੀ ਕੁੱਝ ਦਿਨਾਂ ਬਾਅਦ ਮਰ ਗਈ, ਤਾਂ ਫੇਰ, ਹੋਰ ਮੰਗਣੇ ਨੂੰ ਤਿਆਰ ਹੋਏ, ਤਾਂ ਫੇ ਮੈਂ ਮਾਈ ਨੂੰ ਕਿਹਾ ਪਈ ਮਾਈ ਜੀ! ਮੇਰਾ ਹੋਰ ਤੁਸੀਂ ਮੰਗਣ ਦਾ ਖਿਆਲ ਨਾਂ ਕਰਿਓ, ਮੇਰਾ ਵਿਆਹ ਦਾ ਖਿਆਲ ਨਹੀਂ, ਤੇ ਜੇ ਕੀਤਾ ਤਾਂ ਉਹ ਵੀ ਮਰ ਜਾਣੀ ਆਂ। ਉਹਨੀਂ ਮੰਨ ਲਈ ਗੱਲ, ਫੇਰ ਤਾਂ ਵਿਆਹ ਨਹੀਂ ਹੋਇਆ। ਫੇਰ ਖਿਆਲ ਹੁੰਦਾ ਸੀ ਇਹ, ਪਈ ਸੰਤ ਹੋ ਜਾਣਾ, ਤੇ ਹੋਣਾ ਕਿਹੜਾ? ਜਿਹੜਾ ਕੋਈ ਗੁਰੂ ਨਾਨਕ ਦੇਵ ਨੂੰ ਮੰਨਦਾ ਹੋਵੇ ਉਹਦਾ ਚੇਲਾ ਬਣਨਾ। ਇਹ ਖਿਆਲ ਬਣਿਆ ਸੀ ਦਿਲ ਵਿੱਚ, ਕੁੱਝ ਚਿਰ ਰਿਹਾ, ਤੇ ਬਾਅਦ ਵਿੱਚ ਫਿਰ ਓਥੇ ਪਿੰਡੋਂ ਸਾਡਿਓਂ ਦੋ ਸੰਤ ਹੋ ਕੇ ਗਏ, ਕਿਤੇ ਬਾਹਰ,ਉਹ ਮੁੜਕੇ ਆ ਗਏ।

**ਸੇਵਾ ਸਿੰਘ ਜੀ:** ਮੁੜ ਕੇ ਘਰ ਨੂੰ ਆ ਗਏ?

**ਬਾਬਾ ਜੀ** : ਮੁੜ ਕੇ ਘਰ ਆ ਗਏ। ਇੱਕ ਤਾਂ ਆਉਂਦਿਆਂ ਈ ਕੰਮ ਕਰਨ ਲਪ ਪਿਆ, ਤੇ ਇੱਕ ਨੇ ਸਾਲ ਕੁ ਧੂਣੀ ਬਾਲ ਛੱਡੀ, ਤੇ ਫਿਰ ਉਹ ਵੀ, ਹਵੇਲੀ ਦੇ ਵਿੱਚ ਧੂਣੀ ਰੱਖੀ, ਤੇ ਉਹ ਵੀ ਫੇਰ ਲਪ ਪਿਆ ਕੰਮ ਕਰਨ। ਉਹਦੀ ਅਲ ਦੇਖ ਕੇ ਦਿਲ ਨੇ ਮੰਨ ਲਿਆ ਪਈ ਜੇ ਮੁੜ ਕੇ ਈ ਘਰ ਨੂੰ ਆਉਣਾ ਹੈ ਤੇ ਫੇਰ ਘਰ ਛੱਡਣਾ ਠੀਕ ਨਹੀਂ। ਇੱਥੋਂ ਫਿਰ ਸਲਾਹ ਹਟਾ ਤੀ, ਤਾਂ ਫਿਰ ਕੋਈ ਚਿਰ ਬਾਅਦ ਫਿਰ ਸੰਤ ਇੱਥੇ ਬਾਹਰ ਛੱਪੜ ਹੈਗਾ, ਓਥੇ ਆ ਗਏ। ਉਹ ਉਦਾਸੀ ਸੀ ਸੰਤ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਸੀ, ਤੇ ਉਨ੍ਹਾਂ ਦੇ ਕੋਲ ਵੀ ਘੱਟ ਹੀ ਜਾਂਦੇ ਹੁੰਦੇ ਸੀ ਅਸੀਂ। ਇੱਕ ਦਿਨ ਮੀਂਹ ਵਰਨ ਲਪ ਪਿਆ। ਮੀਂਹ ਵਰਦਾ, ਤਿੰਨ ਦਿਨ ਵਰਦਾ ਰਿਹਾ, ਸਿਆਲ ਦੇ ਦਿਨ ਸੀ, ਤੇ ਉਹ ਓਦਾਂ ਹੀ ਬੈਠੇ ਹੁੰਦੇ ਸੀ ਪਧਰੇ ਈ, ਉਹ ਰੋਜ਼ ਮੈਂ ਦੇਖਣਾ ਪਈ ਸ਼ਾਇਦ ਸਾਧੂ ਚਲਿਆ ਗਿਆ ਹੋਣਾ, ਅੱਜ ਚਲਿਆ ਗਿਆ ਹੋਣਾ, ਤਿੰਨ ਦਿਨ ਓਸੇ ਤਰ੍ਹਾਂ ਰਿਹਾ, ਫੇਰ ਅਗਲੇ ਦਿਨ ਮੀਂਹ ਹਟਿਆ। ਮੀਂਹ ਹਟਿਆ ਤਾਂ ਫੇ ਮੈਂ ਕਿਹਾ ਪਈ ਇਹ ਸੰਤ ਚੰਗੇ ਆ, ਫਿਰ ਓਨਾਂ ਦੇ ਜਾਣ ਲਪ ਪਏ। ਉਨ੍ਹਾਂ ਦੀ ਸੰਗਤ ਕਰਦੇ,ਗਿਆਰਾਂ ਸਾਲ ਫਿਰ ਸੰਗਤ ਓਨ੍ਹਾਂ ਦੀ ਕੀਤੀ। ਗਿਆਰਾਂ ਸਾਲ ਦੇ ਵਿੱਚ ਗੁਰੂ ਘਰ ਦੇ ਜਾਣੂ ਵੀ ਹੋ ਗਏ ਸੀ, ਤੇ ਫੇਰ, ਗੁਰੂ ਘਰ

ਦੇ ਜਾਣੂ ਤਾਂ ਹੋ ਗਏ ਏ ਸੀ ਪਰ ਸਿੱਖੀ ਦਾ ਅਸਲ ਪਤਾ ਨਹੀ ਸੀ, ਪਈ ਸਿੱਖੀ ਕੀ ਆ? ਸੰਗਤ ਜੁ ਓਨ੍ਹਾਂ ਸੰਤਾਂ ਦੀ ਹੁੰਦੀ ਸੀ। ਫੇਰ ਮੇਰੇ ਦਿਲ 'ਚ ਬਾਹਰ ਹਲ ਵਾਹੁੰਦੇ ਦੇ ਆਇਆ ਪਈ ਮੈਂ ਕੀ ਆਂ? ਦੇਹ ਤਾਂ ਮੈਂ ਨਹੀਂ। ਕਿਸੇ ਵੇਲੇ ਸੰਤਾਂ ਨੂੰ ਪੁੱਛਾਂਗੇ, ਪਈ ਮੈਂ ਕੀ ਆਂ? ਫੇਰ ਸੰਤਾਂ ਪਾਸ ਗਿਆ ਤਾਂ ਸੰਤਾਂ ਨੂੰ ਪੁੱਛਿਆ। ਉਹ ਕਹਿੰਦੇ ਸਿਰ ਸੁਆਹ ਪਾ ਲਾ ਫੇ ਦਸਾਂਗੇ। ਹੁਣ ਦਿਲ ਵਿੱਚ ਪੱਕੀ ਹੋ ਗਈ ਸੀ ਪਈ ਸੁਆਹ ਪਾਉਣ ਦੀ ਲੋੜ ਨਹੀਂ, ਤੇ ਮੈਨੂੰ ਇਹ ਓਸਲੇ ਮੈਨੂੰ ਇਹ ਬੜਾ ਖਿਆਲ ਆਇਆ ਕਿ ਦੇਖੋ ਜੀ ਐਨੇਆ ਚਿਰਾਂ ਪਿੱਛੋ ਆਹ ਗਲ ਇੱਕ ਪੁੱਛੀ ਆ, ਇਹ ਵੀ ਹੁਣ ਸਿਰ ਸੁਆਹ ਪਾ ਕੇ ਦੱਸਣੀ ਓਦਾਂ ਦੱਸਣੀ ਨਹੀਂ, ਤਾਂ ੧੧ ਸਾਲ ਸੇਵਾ ਏਦਾਂ ਕਰਦੇ ਰਹੇਂ, ਓਥੇ ਪਾਣੀ ਵੀ ਪਿੰਡੋਂ ਲਿਆਣ ਕੇ ਪਚਾਉਂਦੇ ਹੁੰਦੇ ਸੀ, ਉਨ੍ਹਾਂ ਨੇ ਨ੍ਹਾਉਣਾ, ਵਰਤਣਾ, ਤਾਂ ਕੰਮ ਕਰਨਾ, ਰੋਟੀ ਪਾਣੀ, ਤੇ ਹੋਰ ਲਕੜੀ ਓਹ ਬਾਲਦੇ ਹੁੰਦੇ ਸੀ, ਲਕੜੀ।

**ਸੇਵਾ ਸਿੰਘ ਜੀ:** ਧੂਆਂ ਲਾਉਂਦੇ ਹੁੰਦੇ ਸੀ, ਜੀ?

**ਬਾਬਾ ਜੀ** : ਧੂਆਂ, ਸਾਰੀ ਸੇਵਾ ਕਰਦੇ ਰਹੇ, ਤਾਂ ਫਿਰ ਉਹ ਗਲ ਪੁੱਛੀ ਤਾਂ ਉਨ੍ਹੀਂ ਆਹ ਜੁਆਬ ਦਿੱਤਾ। ਫੇਰ ਮੇਰੇ ਦਿਲ 'ਚ ਆਈ ਪਈ ਮੈਨੂੰ ਇਹ ਸਿਖ ਸਮਝਦੇ ਆ, ਜੇ ਇਹ ਮੈਨੂੰ ਸਿਖ ਸਮਝਦੇ ਆ ਤਾਂ ਫਿਰ ਮੈਂ ਸਿਖ ਆਂ, ਤਾਂ ਮੈਂ ਸਾਧ ਨਹੀ ਨਾ। ਮੈਂ ਫੇਰ ਏਹਨੂੰ ਜੁਆਬ ਦੇ ਦਿੱਤਾ, ਪਈ ਮਹਾਰਾਜ ਇਹ ਗਲ ਤੁਸੀਂ ਆਪਣੇ ਪਾਸ ਰੱਖੋ, ਤੇ ਮੈਂ ਨਹੀਂ ਪੁੱਛਦਾ। ਉਹਨਾਂ ਅਲ ਹਟ ਕੇ ਫਿਰ ਸਿਖ ਸੰਤਾਂ ਅਲ ਹੋ ਗਏ।

**ਸੇਵਾ ਸਿੰਘ ਜੀ:** ਕਹਿੰਦੇ ਉਹ ਆਪਣੇ, ਦੂਸਰੇ ਸਾਧਨ ਵਗੈਰਾ ਤਾਂ ਕਰਦੇ ਹੋਣੇ ਉਹ ਵੀ ਦੱਸਿਆ ਹੋਣਾ?

**ਬਾਬਾ ਜੀ** : ਹਾਂ, ਦੱਸਿਆ ਸੀ ਓਹਨੀਂ। ਕਹਿੰਦੇ ਸੀ ਪਈ, ਇੱਕ ਇਹ ਗਲ ਦੱਸੀ ਸੀ ਪਈ ਚੰਡੀ ਦੀ, ਤੁਸੀਂ ਪ੍ਰਸੰਨ ਕਰ ਲਉ, ਪਿੱਪਲ ਦੇ ਉੱਤੇ ਕਰਨੇ ਆਂ, ਨਾਲ ਹੀ ਹਨੂਮਾਨ, ਭੈਰਉ, ਇਹ ਵੀ ਵੱਸ ਹੋ ਜਾਣਗੇ। ਮੈ ਉਹਨਾਂ ਨੂੰ ਜੁਆਬ ਦਿੱਤਾ ਪਈ ਮੈਨੂੰ ਨਹੀ ਏਹਨਾਂ ਦੀ ਲੋੜ ਮੈਨੂੰ ਤਾਂ ਪਰਮਾਤਮਾ ਦੀ ਲੋੜ ਆ।

**ਸੇਵਾ ਸਿੰਘ ਜੀ:** ਪਿੰਡੋਂ ਵੀ ਮਾਤਾ ਪਿਤਾ ਜੀ ਵੀ ਉਦੋਂ ਚੰਗੇ, ਗੁਰਮਤਿ ਦੇ ਏਸ ਪਾਸੇ ਤੁਹਾਡੇ ਹੋਣੇ ਆਂ, ਉਹ ਵੀ ਸਿੱਖਿਆ ਦਿੰਦੇ ਰਹਿੰਦੇ ਹੋਣੇ?

**ਬਾਬਾ ਜੀ** : ਉਹ ਮਾਤਾ ਸਾਨੂੰ ਇਹ ਸਿੱਖਿਆ ਦੇਂਦੀ ਸੀ ਪਈ ਕਿਸੇ ਕੋਈ ਚੀਜ ਨਹੀਂ ਛੇੜਣੀ, ਰਸਤੇ ਤੁਰੇ ਜਾਂਦੇ ਕਾਢਾ, ਕੀੜੀ ਨਹੀਂ ਪੈਰ ਦੇ ਹੇਠਾਂ ਆਉਣ ਦੇਣਾ ਜ਼ਰਾ ਦੇਖ ਕੇ ਤੁਰੀਦਾ। ਕੋਈ ਨਿੱਕਿਆ ਹੁੰਦਿਆਂ ਦਸਦੇ ਹੁੰਦੇ ਸੀ ਪਈ ਕੋਈ ਆਲ੍ਹਣਾ ਨਹੀਂ ਲਾਉਣਾ, ਬੜਾ ਪਾਪ ਹੁੰਦਾ। ਏਹੋ ਜਿਹੀਆਂ ਵੀਚਾਰਾਂ ਦਿਲ 'ਚ ਬਹਿ ਗਈਆਂ ਸੀ।

**ਸੇਵਾ ਸਿੰਘ ਜੀ:** ਲਗਨ ਤੇ ਛੋਟੇ ਹੁੰਦਿਆਂ ਨੂੰ ਹੋਣੀ?



**ਬਾਬਾ ਜੀ** : ਲਗਨ ਪਹਿਲਾਂ ਈ ਸੀ, ਲਗਨ ਬਹੁਤ ਹੁੰਦੀ ਸੀ, ਤਾਂ ਫੇਰ ਇਹ ਵੀ ਮਾਤਾ ਸਾਡੀ ਦਸਦੀ ਹੁੰਦੀ ਸੀ ਪਈ ਕਈ ਵਾਰੀ, ਤੁਸੀਂ ਤੁਰੇ ਜਾਂਦੇ ਕਿਤੇ ਬਾਹਰ ਜਾਣਾ, ਤਾਂ ਉਹ ਤੁਰੇ ਜਾਂਦੇ ਡਿਹ ਪੈਣਾ, ਬੇਹੋਸ਼ ਹੋ ਜਾਣਾ। ਇੱਕ ਵਾਰੀ ਏਥੇ ਸਾਡੇ ਹੁੰਦਾ ਸੀ ਕੋਈ ਸਿਆਣਾ, ਉਹਨੂੰ ਪੁੱਛਿਆ ਤੇ ਉਹ ਕਹਿੰਦਾ ਪਈ ਇਹਨਾਂ ਦੀ ਕਿਸਮਤ ਬੜੀ ਚੰਗੀ ਆ, ਇਹ ਬੜੇ ਚੰਗੇ ਆ, ਇਹਨਾਂ ਨੂੰ ਸਤਪੁਰਖਾਂ ਦੇ ਦਰਸਨ ਹੁੰਦੇ ਤੇ ਸਹਾਰ ਨਹੀਂ ਸਕਦੇ ਨਿਆਣਾ ਹੋਣ ਕਰਕੇ, ਤੇ ਫਿਕਰ ਦੀ ਗਲ ਨਹੀਂ। ਬਸ ਫੇਰ ਹਾਅ ਉਹ ਮਹਾਰਾਜ ਕਿਰਪਾ ਸੀ, ਲਗਨ ਲੱਗੀ ਈ ਸੀ, ਫੇਰ ਸੰਤਾਂ ਦੀ ਮਹਾਰਾਜ ਦੀ ਪ੍ਰਾਪਤੀ ਦੀ ਲੋੜ ਤਾਂ ਸੀ ਹੀ ਨਾ? ਫੇਰ ਸੰਤ ਸਿੱਖਾਂ ਵੱਲ ਹੋਏ, ਉਨ੍ਹਾਂ ਦੀ ਫੇਰ ਟੋਲ ਭਾਲ ਕਰਦੇ ਓਦੋਂ ਬਾਣੀ ਦੀ ਵੀਚਾਰ ਹੋ ਗਈ ਈ ਸੀ, ਤੇ ਉਹਨਾਂ ਦੇ ਵਿੱਚ ਦਿਲ 'ਚ ਇਹ ਹੁੰਦੀ ਸੀ ਪਈ ਕੋਈ ਸਿੱਖ ਐਸਾ ਮਿਲੇ ਸੰਤ ਜੋ ਕਹੇ ਮੈਂ ਵੀ ਸਿੱਖ ਆਂ ਤੂੰ ਵੀ ਸਿੱਖ ਆਂ ਗੁਰੂ ਦਾ, ਪਈ ਆਹ ਮੈਂ ਸਾਧਨ ਕੀਤੇ ਆ, ਤੁਸੀਂ ਵੀ ਕਰਕੇ ਦੇਖੋ ਜੇ ਮਹਾਰਾਜ ਕਿਰਪਾ ਕਰੇ, ਇਹ ਗਲ ਨਾ ਕਿਨੇ ਕਹਿਣੀ। ਜਿਨ ਕਹਿਣਾ ਮੈਂ ਵੀ ਗੁਰੂ ਆਂ, ਦਸਾਂਗੇ ਤੈਨੂੰ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼, ਤੇ ਗੁਰੂ ਸਾਨੂੰ ਮੰਨਣਾ ਪਊ। ਤੇ ਬਹੁਤ ਸੰਤਾਂ ਨਾਲ ਇਹੋ ਜਿਹਾ ਏਸ ਵੀਚਾਰ ਵਿੱਚ ਹੁੰਦੇ ਰਹੇ, ਹੁੰਦੀਆਂ ਰਹੀਆਂ ਵੀਚਾਰਾਂ ਏਸ ਗਲ ਦੇ ਬਾਰੇ, ਤੇ ਫੇਰ ਇੱਕ ਸੰਤ ਓਥੇ ਗਏ, ਸਰਗੋਧੇ, ਉਹਨਾਂ ਦੇ ਨਾਲ ਫੇਰ ਗਲ ਚਲ ਪਈ ਇਸ ਤਰ੍ਹਾਂ ਪਈ ਉਹ ਬੈਠੇ ਹੋਏ ਸੀ ਤੇ ਮੈਂ ਗਾਹਾਂ ਜਾਂਦਾ ਸੀ, ਉਨ੍ਹਾਂ ਨੂੰ ਸੰਤ ਦੇਖ ਕੇ ਨਮਸਕਾਰ ਕੀਤੀ ਕਰਕੇ ਲੰਘ ਗਿਆ ਗਾਹਾਂ, ਤਾਂ ਇੱਕ ਮੇਰਾ ਮੁਹੱਬਤੀ ਸੀ ਜਿਨ੍ਹਾਂ ਦੇ ਉਹ ਆਏ ਹੋਏ ਸੀ।

**ਸੇਵਾ ਸਿੰਘ ਜੀ:** ਅੱਛਾ ਜੀ! ਸੰਤ ਜਿਨ੍ਹਾਂ ਦੇ ਆਏ ਸੀ?

**ਬਾਬਾ ਜੀ** : ਹਾਂ! ਓਨਾਂ ਨੇ ਫੇਰ ਮੈਨੂੰ ਦੱਸੀ, ਕਹਿੰਦਾ ਪਈ ਇਹ ਸੰਤ ਨੂੰ ਮੰਨਦੇ ਨਹੀਂ।

**ਸੇਵਾ ਸਿੰਘ ਜੀ:** ਉਹ ਸੰਤਾਂ ਨੂੰ, ਉਹ ਕਹਿੰਦਾ ਹੋਣਾ ਬੰਦਾ, ਪਈ ਇਹ ਗੁਰੂ ਨਹੀਂ ਮੰਨਦੇ?

**ਬਾਬਾ ਜੀ** : ਹਾਂ, ਇਹ ਗੁਰੂ ਨਹੀਂ ਮੰਨਦੇ ਇਹ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਆ, ਤੇ ਉਹ ਸੰਤ ਕਹਿਣ ਲੱਗੇ ਪਈ ਅਸੀਂ ਜੇ ਪਤਾ ਹੁੰਦਾ ਤਾਂ ਹੁਣੇ ਈ ਮਨਾ ਦਿੰਦੇ। ਉਨ੍ਹਾਂ ਮੈਨੂੰ ਸ਼ਾਮ ਨੂੰ ਦੱਸਿਆ, ਪਈ ਐਦਾਂ ਸੰਤਾਂ ਨੇ ਕਿਹਾ ਪਈ ਤੁਹਾਨੂੰ ਮਨਾ ਦਿੰਦੇ। ਮੈਂ ਕਿਹਾ ਪਈ ਚੰਗਾ ਆਉਂਗਾ ਰਾਤ ਨੂੰ, ਤੇ ਉਹ ਮਨਾ ਦੇਣ, ਤੇ ਮੈਂ ਤਾਂ ਠਾਕੁਰ ਸੂੰਹ ਤੇ ਇੱਕ ਮੁੰਡਾ ਹੋਰ ਸੀ, ਤਿੰਨੇ ਜਣੇ ਅਸੀਂ ਗਏ, ਗਏ ਤਾਂ ਗਲ ਬਾਤ ਫੇਰ ਸ਼ੁਰੂ ਹੋ ਗਈ। ਗਲ ਬਾਤ ਫੇਰ ਸ਼ੁਰੂ ਹੋ ਗਈ ਤੇ ਉਹ ਬਾਣੀ ਦੇ ਅਨੁਸਾਰ, ਗੁਰੂ ਜਾਹਰ ਕਰਨ ਤਾਂ ਅਸੀਂ ਬਾਣੀ ਦੇ ਅਨੁਸਾਰ ਉਹਨੂੰ ਢਾਈ ਜਾਈਏ, ਤਾਂ ਇੱਕ ਇਹ ਗਲ ਵਿੱਚ ਸੀ, ਪਈ ਜਿਹੜੇ ਉਹਦੇ ਸੇਵਕ ਸੀ, ਉਹ ਨਹੀਂ ਸੀ ਗਲ ਕਰਦੇ, ਕੋਈ ਬੋਲਦੇ ਈ ਨਹੀਂ ਸੀ।

**ਸੇਵਾ ਸਿੰਘ ਜੀ**: ਇਕੱਲੇ ਸੰਤ ਈ ਕਰਦੇ ਸੀ ?

**ਬਾਬਾ ਜੀ** : ਸੰਤ ਈ ਗਲ ਕਰਦੇ ਸੀ ਜਿਹੜੀ ਕਰਦੇ ਸੀ, ਤਾਂ ਘੰਟਾ ਜਾਂ ਜਿਆਦਾ ਵਕਤ, ਵੀਚਾਰ ਕਰਕੇ ਫਿਰ ਆ ਜਾਣਾ, ਤੇ ਇਸ ਤਰਾਂ ੧੫ ਦਿਨ, ਵੀਚਾਰ ਸਾਡੀ ਉਹਦੇ ਨਾਲ ਹੁੰਦੀ ਰਹੀ।

**ਸੇਵਾ ਸਿੰਘ ਜੀ**: ਲਗਾਤਾਰ ?

**ਬਾਬਾ ਜੀ** : ਲਗਾਤਾਰ ਰੋਜ਼, ਤਾਂ ੧੫ ਦਿਨਾਂ ਪਿੱਛੋਂ ਉਨ ਕਿਹਾ ਪਈ ਅਸੀਂ ਮੰਨ ਲਿਆ ਪਈ ਭਾਈ ਹਰਨਾਮ ਸਿੰਘ ਜੀ! ਪਈ ਇਹ, ਗੁਰੂ ਨਹੀਂ ਹੋ ਸਕਦਾ, ਤੇ ਉਸਤਾਦ ਮੰਨ ਲਉ। ਏਹ ਉਸਤਾਦ ਮੰਨ ਲਉ, ਦੀ ਗਲ ਸੁਣ ਕੇ ਫਿਰ ਓਨਾਂ ਈ ਦੁੱਖ ਹੋਇਆ, ਪਈ ਐਇਨੀ ਵੀਚਾਰ ਵੀ ਹੋਈ ਸਭ ਕੁੱਝ ਹੋਇਆ ਤਾਂ ਫਿਰ ਵੀ ਗਲ ਦੂਜੀ ਬਣੀ ਰਹੀ ਪਈ ਬੜਾ ਮੰਨਣਾ, ਤਾਂ ਇਹ ਦਿਲ 'ਚ ਹੁੰਦੀ ਸੀ ਪਈ ਜਿਹੜਾ ਕੋਈ ਪ੍ਰੇਮ ਕਰੇ, ਉਹ ਕੁਦਰਤੀ ਗਲ ਹੋ ਜਾਂਦੀ ਆ ਉਹਦਾ ਅਦਬ ਅਦਾਬ ਆਪੇ ਈ ਹੋ ਜਾਂਦਾ ਕੋਈ ਮੰਨਣ ਮਨੌਣ ਦੀ ਲੋੜ ਈ ਨਹੀਂ।

**ਸੇਵਾ ਸਿੰਘ ਜੀ**: ਕੋਈ ਕਹਿ ਕੇ ਥੋੜੋਂ ਮਨਾਉਣਾ ਜੀ ?

**ਬਾਬਾ ਜੀ** : ਹਾਂ ਜੀ ਤੇ ਉਹ ਫੇਰ ਆਣ ਕੇ ਗੁਰੂ ਮਹਾਰਾਜ ਅੱਗੇ ਬੇਨਤੀ ਕੀਤੀ ਪਈ ਮਹਾਰਾਜ ਮੇਰਾ ਓਹਲਾ ਚਾਹੇ ਬਣਿਆ ਰਹੇ ਚਾਹੇ ਤੁਸੀਂ ਕਿਰਪਾ ਕਰੋ ਦੂਰ ਹੋ ਜਾਏ, ਹੁਣ ਮੈਂ ਸੰਤ ਇਹ ਵੀ ਛੱਡੇ, ਉਹ ਤਾਂ ਪਹਿਲਾਂ ਈ ਛੱਡਿਆ ਸੀ ਉਦਾਸੀ ਤਾਂ, ਫੇਰ ਏਨ੍ਹਾਂ ਦਾ ਵੀ ਬਿਲਕੁਲ ਖਿਆਲ ਹਟਾ ਤਾ, ਹਟਾ ਕੇ ਮਹਾਰਾਜ ਦੀ ਬਾਣੀ ਦੀ ਫੇ ਓਟ ਲੈ ਲਈ, ਉਠ ਕੇ ਬਾਣੀ ਪੜ੍ਹਣੀ, ਰਾਤ ਵੀ ਤਕੜੇ ਹਨ੍ਹੇਰੇ ਉਠ ਕੇ, ਬਾਅਦ 'ਚ ਇਸ਼ਨਾਨ ਕਰਨਾ, ਇਸ਼ਨਾਨ ਕਰਕੇ ਤਾਂ ਫਿਰ...।

**ਸੇਵਾ ਸਿੰਘ ਜੀ**: ਇਹ ਆਪਣੇ, ਉਹ ਤਾਂ ਦੱਸੋ ਜੀ ਪਈ ਧੁੱਗੀਂ ਕਿੰਨਾ ਚਿਰ ਰਹੇ ਤੁਸੀਂ ਫਿਰ ?

**ਬਾਬਾ ਜੀ** : ਧੁੱਗੀਂ ਕਾਫ਼ੀ ਚਿਰ ਰਹੇ ਸੀ।

**ਸੇਵਾ ਸਿੰਘ ਜੀ**: ਕਿੰਨੇ ?

**ਬਾਬਾ ਜੀ** : ਚੌਦਾਂ ਦੀ ਲੜਾਈ ਉਦੋਂ ਲੱਗੀ ਆ ਉਹ ਲੱਗਣ, ਥੋੜੇ ਚਿਰ ਲੱਗਣ ਨੂੰ ਹੋਏ ਸੀ ਤੇ ਫੇ ਗਏ ਸੀ ਉੱਧਰ ਨੂੰ।

**ਸੇਵਾ ਸਿੰਘ ਜੀ**: ਲਗਪਗ ਕਿੰਨਾ ਕੁ ਚਿਰ ਸਤਾਈ ਅਠਾਈ ਸਾਲ ਜਾਂ ਘੱਟ ਵੱਧ ?

**ਬਾਬਾ ਜੀ** : ਇੰਨਾਂ ਕੁ ਹੋਊ, ਇੰਨਾਂ ਚਿਰ ਹੋਊ।

**ਸੇਵਾ ਸਿੰਘ ਜੀ**: ਅੱਛਾ ਜੀ, ਏਹ ਤੋਂ ਬਾਅਦ ਫਿਰ ਉੱਥੇ ਸਰਗੋਧੇ ਗਏ ?



**ਬਾਬਾ ਜੀ** : ਫੇਰ ਸਰਗੋਧੇ ਗਏ ਆਂ, ਹਾਂ ਸਰਗੋਧੇ ਫੇਰ ਤੀਹ ਸਾਲ ਰਹੇ ਆਂ, ਹਾਂ ਜੀ।

**ਸੇਵਾ ਸਿੰਘ ਜੀ**: ਅੱਛਾ ਜੀ, ਉੱਥੇ ਕਿਹੜਾ ਪਿੰਡ ਸੀ ?

**ਬਾਬਾ ਜੀ** : ਉੱਥੇ ਉਨੀਂ ਚੱਕ ਸੀ।

**ਸੇਵਾ ਸਿੰਘ ਜੀ**: ਅੱਛਾ ਜੀ! ਉੱਥੇ ਜਮੀਨ ਖਰੀਦੀ ਸੀਗੀ ?

**ਬਾਬਾ ਜੀ** : ਜਮੀਨ ਖਰੀਦੀ ਥੋੜ੍ਹੀ, ਬਸ ਫੇਰ ਕੋਈ ਬਾਹਲੀ ਕੋਈ ਵਾਹੁਣੀ ਹੋਵੇ ਤਾਂ ਕਿਸੇ ਦੀ ਵਾਹ ਲੈਂਦੇ ਸੀ।

**ਸੇਵਾ ਸਿੰਘ ਜੀ**: ਚਾਰੇ ਭਾਈ ਉੱਧਰ ਗਏ ਸੀ?

**ਬਾਬਾ ਜੀ** : ਚਾਰੇ ਈ, ਚਾਰੇ ਸੀ ਅਸੀਂ ਤੇ ਚਾਰੇ ਈ ਹਲ ਹੁੰਦੇ ਸੀ ਸਾਡੇ ਤੇ-

**ਸੇਵਾ ਸਿੰਘ ਜੀ**: ਉਦੋਂ ਤਾਈਂ ਤੁਸੀਂ ਆਪਣੇ ਕਾਫ਼ੀ ਗ੍ਰੰਥਾਂ ਦਾ ਅਧਿਐਣ ਕੀਤਾ ਹੋਣਾ?

**ਬਾਬਾ ਜੀ** : ਕਰ ਲੈਂਦੇ ਸੀ ਜੀ ਬਹੁਤ ਹਿੰਦੂ ਮਤ ਦਾ ਬੜਾ, ਸਾਡੇ ਪਿਤਾ ਨੇ ਬੜੀ ਸਾਨੂੰ ਚੰਗੀਆਂ ਸਾਖੀਆਂ ਸੁਣਾਉਂਦੇ ਰਹਿੰਦੇ ਸੀ ਹਿੰਦੂ ਮਤ ਦੀਆਂ, ਬੜੀ ਲੰਬੀ ਚੌੜੀ ਖੋਜ ਸੀ। ਫੇਰ ਓਦਾਂ ਅਸੀਂ ਆਪ ਪੜ੍ਹੇ, ਜਾਣੋ ਚੌਵੀ ਅਵਤਾਰ ਤੇ ਹੋਰ, ਜਾਣੀ ਜਿਹੜੇ ਚੰਗੇ ਚੰਗੇ ਗ੍ਰੰਥ ਸੀ ਸਾਰਿਆਂ ਦੀ ਵੀਚਾਰ ਕੀਤੀ ਸੀ। ਹਿੰਦੂ ਮਤ ਦਾ ਪੂਰਾ ਪੂਰਾ, ਪਤਾ ਲਗ ਗਿਆ ਸੀ, ਫੇਰ ਜਿਹੜੇ ਅਵਤਾਰ ਸੀ, ਚੌਵੀ ਅਵਤਾਰਾਂ ਦੇ ਮਾਤਾ-ਪਿਤਾ ਦੇ ਨਾਂ, ਉਨ੍ਹਾਂ ਦੇ ਆਪਣੇ ਨਾਂ ਤੇ ਜਿਹੜੇ ਜਿਹੜੇ ਉਨ੍ਹਾਂ ਨੇ ਕੰਮ ਕੀਤੇ ਉਨ੍ਹਾਂ ਦਾ, ਇਹ ਸਾਰੀ ਵੀਚਾਰ ਹੋ ਗਈ ਈ ਸੀ ਤਾਂ ਮੁਸਲਮਾਨਾਂ ਦਾ ਵੀ, ਕਾਫ਼ੀ ਵੀਚਾਰ ਹੋ ਗਈ ਸੀ।

**ਸੇਵਾ ਸਿੰਘ ਜੀ**: ਆਹ ਭਗਵਤ ਬਗੈਰਾ ਸਾਰੇ ਪੜੇ ਹੋਣੇ?

**ਬਾਬਾ ਜੀ** : ਭਗਵਤ ਪੜਿਆ ਸੀ, ਸ਼੍ਰੀਮਧ ਭਗਵਤ ਪੜਿਆ ,ਦੇਵੀ ਭਗਵਤ ਪੜਿਆ ।

**ਸੇਵਾ ਸਿੰਘ ਜੀ**: ਅੱਛਾ ਜੀ! ਗੁਰਮਤ ਦੇ ਕਿਹੜੇ ਕਿਹੜੇ ਪੜ੍ਹੇ ਸੀ ਜੀ।

**ਬਾਬਾ ਜੀ** : ਗੁਰਮਤ ਦੇ! ਆਹ ਜਿਹੜਾ ਹੈਗਾ ਆ, ਕੀ ਨਾਂ ਆ ਸੂਰਜ ਪ੍ਰਕਾਸ਼, ਤਵਾਰੀਖ, ਜਨਮ ਸਾਖੀ, ਇਹ ਗ੍ਰੰਥ ਪੜ੍ਹੇ ਸੀ।

**ਸੇਵਾ ਸਿੰਘ ਜੀ**: ਭਾਈ ਵੀਰ ਸਿੰਘ ਹੁਰਾਂ ਦੇ ਵੀ ਪੜ੍ਹੇ ਹੋਣੇ...।

**ਬਾਬਾ ਜੀ** : ਭਾਈ ਵੀਰ ਸਿੰਘ ਹੁਰਾਂ ਦੇ ਵੀ ਚਮਤਕਾਰ, ਗੁਰੂ ਨਾਨਕ ਚਮਤਕਾਰ, ਦਸਮ ਚਮਤਕਾਰ ਤੇ ਹੋਰ ਆਪਣੇ...।

**ਸੇਵਾ ਸਿੰਘ ਜੀ**: ਕਾਫ਼ੀ ਗ੍ਰੰਥ ਉਦੋਂ ਤਾਈਂ ਗੁਰਮਤਿ ਦੇ ਤੁਸੀਂ ਪੜ੍ਹ ਚੁੱਕੇ ਸੀ ?

**ਬਾਬਾ ਜੀ** : ਹਾਂ, ਪੜ੍ਹ ਚੁੱਕੇ ਸੀ।

**ਸੇਵਾ ਸਿੰਘ ਜੀ**: ਬੜੀ ਸੋਝੀ ਸੀ ?

**ਬਾਬਾ ਜੀ** : ਹਾਂ ਜੀ, ਤਾਂ ਫੇਰ ਅਸੀਂ, ਮਹਾਰਾਜ ਦਾ ਪਾਠ ਅਸੀਂ ਭਾਈ ਸੰਤ ਹਰਦਿੱਤ ਸਿੰਘ ਜੀ ਪਾਸੋਂ, ਪੜਿਆ ਸਾਰਾ ਸਿੱਖਿਆ ਸੀ, ਉਹਨਾਂ ਨੂੰ ਸੁਣਾਇਆ।

**ਸੇਵਾ ਸਿੰਘ ਜੀ**: ਸੰਤ ਹਰਦਿੱਤ ਸਿੰਘ ਜੀ ਕੌਣ ਸੀ ਜੀ ?

**ਬਾਬਾ ਜੀ** : ਜੱਟ ਸੀ, ਜੱਟਾਂ ਦੇ ਘਰੋਂ ਜਨਮ ਸੀ ਉਨ੍ਹਾਂ ਦਾ। ਤੀਹ ਚੱਕ ਦੇ ਵਿੱਚ ਸੀ ਉਹੋ, ਤੀਹ ਚੱਕ ਦੇ ਵਿੱਚ ਸੀ ਉਹੋ ਤੇ ਉਨ੍ਹਾਂ ਦੇ ਨਾਲ ਸੰਤ ਸਾਧੂ ਸਿੰਘ ਜੀ ਹੋਣੀਂ ਹੁੰਦੇ ਸੀ, ਤੇ ਸਾਧੂ ਸਿੰਘ ਹੋਰੀਂ ਤਾਂ ਉਹ ਸੀ ਤਾਂ ਚੰਗੇ ਵਿਦਵਾਨ ਤਕੜੇ, ਪਰ ਉਹ ਓਦਾਂ ਕੋਈ ਅਰਥ ਜਾਂ ਹੋਰ ਕੋਈ ਵੀਚਾਰ ਤਾਂ ਸੁਣਾ ਦੇਣੀ, ਤੇ ਇਹ ਵਿੱਦਿਆ ਏਨੀਂ ਸਾਨੂੰ ਪੜਾਈ ਸੀ।

**ਸੇਵਾ ਸਿੰਘ ਜੀ**: ਸੰਤ ਹਰਦਿੱਤ ਸਿੰਘ ਜੀ ਜਿਹੜੇ ਸੀਗੇ ਜੀ, ਇਹ ਪਿੱਛੋਂ ਕਿੰਨਾਂ ਦੇ ਸੀਗੇ ਆਪਣੇ ਸ਼ਰਧਾਲੂ ਜਾਂ ਕਹਿ ਲਉ ਜਾਂ...?

**ਬਾਬਾ ਜੀ** : ਇਹ ਸੰਤ ਸੀਗੇ, ਆਹ, ਘਨੱਈਆ ਸਿੰਘ ਦੇ ਸੇਵਕ, ਤੇ ਓਨ੍ਹਾਂ ਦੇ ਸੇਵਕ ਸੀਗੇ ਆਹ ਸੰਤ ਕਰਮ ਸਿੰਘ ਜੀ, ਕਰਮ ਸਿੰਘ ਦੇ ਨਾਲ ਸਾਡੀ ਵੀਚਾਰ ਓੱਥੇ ਹੋਈ ਸੀ ਓੱਥੇ, ਆਪਣੇ ਸਰਗੋਧੇ ।

**ਸੇਵਾ ਸਿੰਘ ਜੀ**: ਸੰਤ ਕਰਮ ਸਿੰਘ ਜੀ ਕਿਹੜੇ? ਹੋਤੀ ਮਰਦਾਨ ਆਲੇ ਜਾਂ..?

**ਬਾਬਾ ਜੀ** : ਨਾ, ਇਹ ਕਰਮ ਸਿੰਘ ਜੀ ਏਥੇ ਸੀਗੇ ਆਪਣੇ, ਸਰਸਾਵਾ ਪਿੰਡ ਆ, ਨਵੇਂ ਸ਼ਹਿਰ ਦੇ ਲਾਗੇ।

**ਸੇਵਾ ਸਿੰਘ ਜੀ**: ਚੰਗੇ ਸਤਪੁਰਖ ਸੀਗੇ ?

**ਬਾਬਾ ਜੀ** : ਚੰਗੇ ਸੀ। ਪਰ ਉਂਜ ਇਹ ਗੱਲ ਸੀ ਉਨ੍ਹਾਂ ਦੀ ਗੁਰੂ ਚੇਲੇ ਦੀ ਗੱਲ ਬਣੀ ਈ ਸੀ, ਇਹ ਪਿੱਛਿਉਂ ਜੋ ਹੋਵੇ ਬਣੀ ਈ ਉਹ ਚਲੀ ਆਉਂਦੀ ਆ, ਤੇ...।

**ਸੇਵਾ ਸਿੰਘ ਜੀ**: ਤੁਸੀਂ ਆਹ ਉਦੋਂ ਖੇਤੀ ਦਾ ਕੰਮ ਕਾਰ ਕਰਦੇ ਹੁੰਦੇ ਸੀ ?

**ਬਾਬਾ ਜੀ** : ਕਰਦੇ ਸੀ ਬੜਾ ਤਕੜਾ ਜੀ।

**ਸੇਵਾ ਸਿੰਘ ਜੀ**: ਕਿਸ ਤਰਾਂ, ਕੀ ਰੋਜ਼ ਦਾ ਕੀ ਹੁੰਦਾ ਸੀ ਤੁਹਾਡਾ ਪ੍ਰੋਗਰਾਮ ?

**ਬਾਬਾ ਜੀ** : ਰੋਜ਼ ਦਾ ਅਭਿਆਸ ਹੁੰਦਾ ਸੀ ਏਦਾਂ ਕੰਮ ਹੁੰਦਾ ਸੀ ਸਾਡਾ, ਸਾਰਾ ਦਿਨ ਕੰਮ ਆਪਣਾ ਕਰਕੇ ਤਾਂ ਮਗਰੋਂ ਜਿਹੜਾ ਸਾਰਾ ਕੰਮ ਨਿੱਬੜ ਜਾਏ, ਸਾਰਿਆਂ ਨੇ ਲੰਮੇ ਪੈ ਜਾਣਾ ਤਾਂ ਓਸਲੇ ਜਾ ਕੇ ਰਹਿਰਾਸ ਦਾ ਪਾਠ ਕਰਦੇ ਹੁੰਦੇ ਸੀ, ਤੇ ਬਾਅਦ ਵਿੱਚ ਇਸ਼ਨਾਨ ਕਰਨਾ, ਤੇ ਲਾਗੇ ਸੂਆ ਸੀਗਾ ਮੁਰੱਬੇ ਕੁ ਭਰ ਦੇ ਉੱਤੇ, ਨਹਿਰ ਦਾ, ਉਹਦੇ ਤੇ ਜਾ ਕੇ ਬਹਿ ਕੇ ਆਪਣਾ ਇਸ਼ਨਾਨ ਕਰਕੇ ਤਾਂ ਭਜਨ ਆਪਣਾ ਪਾਠ ਕਰਨਾ, ਪਾਠ ਕਰਕੇ ਭਜਨ ਬੰਦਗੀ ਕਰਨੀ, ਤਾਂ ਫੇਰ ਪਿੰਡ ਆ ਜਾਣਾ।

**ਸੇਵਾ ਸਿੰਘ ਜੀ** : ਸ਼ਾਮ ਨੂੰ ?



**ਬਾਬਾ ਜੀ** : ਸ਼ਾਮ ਨੂੰ, ਰਾਤ ਨੂੰ ਹਨ੍ਹੇਰੇ ਤਕੜੇ।

**ਸੇਵਾ ਸਿੰਘ ਜੀ**: ਗਿਆਰਾਂ ਬਾਰਾਂ ਵੱਜ ਜਾਂਦੇ ਹੋਣੇ ?

**ਬਾਬਾ ਜੀ** : ਹਾਂ ਜੀ, ਤਾਂ ਏਸੇ ਤਰ੍ਹਾਂ ਫੇਰ ਕਰਦਿਆਂ ਫੇਰ ਕੋਈ ਦਿਨ...।

**ਸੇਵਾ ਸਿੰਘ ਜੀ**: ਸਵੇਰੇ ਫਿਰ ਤੜਕੇ ਉੱਠ ਖੜੇ ਹੋਣਾ ?

**ਬਾਬਾ ਜੀ** : ਤੜਕੇ ਫਿਰ ਉੱਠਣਾ, ਤੇ ਉਨ੍ਹਾਂ ਦੇ ਜਾਗਣ ਤੋਂ ਪਹਿਲਾਂ ਈ ਓਥੇ ਇਸ਼ਨਾਨ ਕਰਕੇ ਗੁਰਦੁਆਰੇ ਮੱਥਾ ਟੇਕ ਕੇ, ਤਾਂ ਫਿਰ ਆ ਜਾਣਾ ਤਾਂ, ਕਦੇ ਉਹ ਉੱਠੇ ਹੋਏ ਹੁੰਦੇ ਸੀ, ਕਦੇ ਨਾ ਓੱਠੇ ਹੋਏ ਹੁੰਦੇ ਸੀ, ਤਾਂ ਆਪਣੇ ਮੰਜੇ ਤੇ ਬਹਿ ਜਾਣਾ, ਜਿਸਲੇ ਸਾਰੇ ਉੱਠ ਖੜੌਣ ਤਾਂ ਨਾਲ ਤੁਰ ਪੈਣਾ। ਏਸੇ ਤਰ੍ਹਾਂ ਉਮਰ ਸਾਰੀ ਲੰਘ ਗਈ ਸੀ। ਇਹ ਨਹੀ ਸੀ ਪਈ ਕਿ ਉਹ ਸਾਰੇ ਪਹਿਲਾਂ ਚਲ ਗਏ ਹੋਣ ਤੇ ਮੈਂ ਰਹਿ ਗਿਆ ਹੋਵਾਂ, ਏਦਾਂ ਮਹਾਰਾਜ ਨੇ ਮੇਰੇ ਤੇ ਕਿਰਪਾ ਕੀਤੀ, ਤੇ ਤੁਰੇ ਰਹੇ, ਤੁਰਿਆਂ-ਤੁਰਿਆਂ ਫੇਰ ਏਦਾਂ ਕੰਮ ਕਰਦਿਆਂ ਨੂੰ ਫੇਰ ਮਹਾਰਾਜ ਨੇ ਸਾਡੇ ਵੱਡੇ ਭਾਈ ਨੂੰ, ਸੁਫ਼ਨੇ 'ਚ ਦਰਸ਼ਨ ਦਿੱਤੇ ਰਾਤ ਸੁੱਤੇ ਨੂੰ, ਤੇ ਕਹਿਣ ਲੱਗੇ ਹਰਨਾਮ ਸਿੰਘ ਨੂੰ ਤੁਸੀਂ ਕੰਮ ਤੋਂ ਛੱਡ ਦਿਉ, ਉਨ੍ਹਾਂ ਨੂੰ ਤਕਲੀਫ ਬਹੁਤ ਆ, ਉਹਨੇ ਠਾਕੁਰ ਸਿੰਘ ਹੁਰਾਂ ਨੂੰ ਦੱਸਿਆ, ਇਹ ਗੱਲ ਸੀ ਤਕਲੀਫ ਤਾਂ ਜਰੂਰ ਆ, ਉਹ ਕਹਿੰਦਾ ਪਈ ਚਾਹੇ ਸੁਫਨਾ ਮੰਨ ਲਓ ਚਾਹੇ ਸੱਚ ਮੰਨ ਲਉ ਤਾਂ ਮੈਂ ਪਈ ਏਦਾਂ ਰਾਤ ਹੋਈ ਆ, ਉਹ ਕਹਿੰਦਾ ਸੁਫਨਾ ਕਾਹਦਾ ਸੱਚ ਆ ਏਹੇ, ਤੇ ਤਕਲੀਫ ਬੜੀ ਆ ਏਨ੍ਹਾਂ ਨੂੰ ਛੱਢ ਦਿਉ। ਫੇਰ ਮੈਨੂੰ ਕਿਹਾ, ਮੈਂ ਕਿਹਾ ਪਈ ਤੁਸੀਂ ਨੌਕਰ ਰੱਖ ਲਉ, ਫੇ ਮੈਂ ਹਟ ਜਾਊਂ ਕੰਮ ਮੈਂ ਕਰਨੋਂ, ਪਰ ਨੌਕਰ ਮਿਲ ਗਿਆ ਫੇ ਮੈਂ, ਓਸ ਵੇਲੇ ਉੱਠ ਕੇ ਤਾਂ ਬਾਹਰ ਇਸ਼ਨਾਨ ਕਰਕੇ ਪਹਾੜ ਸੀਗਾ ਲਾਗੇ ਉਹਦੇ ਉੱਤੇ ਜਾ ਕੇ ਚੜ੍ਹ ਜਾਣਾ...।

**ਸੇਵਾ ਸਿੰਘ ਜੀ**: ਜਿਸ ਟਾਈਮ ਅੱਗੇ ਹਲੀਂ ਜਾਂਦੇ ਸੀ ?

**ਬਾਬਾ ਜੀ** : ਹਾਂ ਉਸੇ ਟਾਈਮ, ਜਿਸਲੇ ਅੱਗੇ ਜਾਂਦੇ ਸੀ ਨਾਂ, ਹਲਾਂ ਤੋਂ ਪਹਿਲਾਂ ਇਸ਼ਨਾਨ ਕਰਦੇ ਸੀ ਨਾ, ਉਸੇ ਟਾਈਮ ਨਾ, ਤੇ ਫੇਰ ਜਾ ਕੇ ਪਹਾੜ ਤੇ ਬਹਿ ਜਾਣਾ, ਨੌਂ ਵਜੇ ਫੇ ਦਿਨ ਦੇ, ਮੁੜਕੇ ਆਉਣਾ, ਰਾਤ ਚਲੇ ਜਾਣਾ ਇੱਕ ਦੋ ਵਜੇ, ਤਾਂ ਫੇ ਇਸ ਤਰ੍ਹਾਂ ਅਭਿਆਸ ਕਰਦਿਆਂ ਕਰਦਿਆਂ ਮਹਾਰਾਜ ਦੀ ਕਿਰਪਾ ਬਣੀ ਰਹੀ, ਫਿਰ, ਮਹਾਰਾਜ ਦੇ, ਪਹਿਲੀ ਪਾਤਸ਼ਾਹੀ ਦੇ ਦਰਸ਼ਨ ਹੋਏ। ਉਹ ਦਰਸ਼ਨ ਇਸ ਤਰ੍ਹਾਂ ਹੋਏ, ਪਹਿਲਾਂ ਮੈਂ ਉੱਥੇ ਬੈਠਾ ਈ ਸੀ ਤਾਂ, ਲੋਅ ਹੋ ਗਈ, ਲੋਅ-ਪ੍ਰਕਾਸ਼ ਈ ਪ੍ਰਕਾਸ਼ ਸਾਰੇ ਈ ਹੋ ਗਿਆ। ਤਾਂ ਮੈਂ ਕਿਹਾ ਪਈ ਕਿਤੇ ਗੱਡੀ ਆਉਂਦੀ ਆ, ਲਾਗੇ ਗੱਡੀ ਦੀ ਲਾਇਨ ਸੀ, ਪਰ ਨਾ। ਤਾਂ ਉਸੇ ਈ ਪ੍ਰਕਾਸ਼ ਨੂੰ ਦੇਖਦਾ ਸੀ ਤਾਂ ਵਾਹਿਗੁਰੂ ਵਾਹਿਗੁਰੂ ਤਾਂ ਕਹਿੰਦਾ ਈ ਸੀ ਤਾਂ ਮਹਾਰਾਜ ਪਹਿਲੀ ਪਾਤਸ਼ਾਹੀ ਦੇ ਦਰਸ਼ਨ ਹੋਏ। ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਿਆ ਉਨ੍ਹਾਂ ਨੇ ਮੇਰੇ ਸਿਰ ਤੇ ਹੱਥ ਰੱਖਿਆ, ਤਾਂ ਜੋ ਅੰਦਰ ਨ੍ਹੇਰਾ ਸੀ, ਉਹ ਦੂਰ ਹੋ ਗਿਆ, ਤੇ ਉਹ, ਮਹਾਰਾਜ

ਜੀ ਨੇ ਕਿਹਾ ਨ ਪਈ "**ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ**" ਤੇ ਮਹਾਰਾਜ ਦੇ ਚਰਨਾਂ ਦੀ ਓਟ ਲਈ ਤਾਂ ਮਹਾਰਾਜ ਇਹ ਕਿਰਪਾ ਕਰ ਦਿੱਤੀ, ਜਿਹਨੂੰ ਤਰਲੇ ਲੈਂਦੇ ਸੀ, ਉਹ ਮਹਾਰਾਜ ਨੇ ਕਿਰਪਾ ਕਰ ਦਿੱਤੀ। ਏਥੋਂ ਫੇ ਸਾਰਾ ਕੁੱਝ ਬਣ ਗਿਆ ਮੈਨੂੰ, ਕੋਈ ਕਿਸੇ ਦੀ ਓਟ ਲੈਣ ਦੀ ਲੋੜ ਨਹੀਂ ਰਹੀ, ਤੇ ਇਸ ਵਿਧ ਨਾਲ ਮੈਂ ਕੰਮ ਕਰਦਾ ਹੁੰਦਾ ਸੀ ਏਹਦੇ ਵਿੱਚ ਇੱਕ ਵਾਰੀ ਸਾਧਨ ਕੀਤਾ ਸੀਗਾ ਸਵਾ-ਲੱਖ, ਪਾਠ ਕੀਤਾ ਸੀ ਆਪਣਾ ਮੂਲਮੰਤਰ ਦਾ, ਤਾਂ ਤਿੰਨ ਵਾਰ ਫੇਰ, ਚਾਲੀ ਚਾਲੀ ਦਿਨ ਬੱਤੀ ਮਾਲਾ ਰੋਜ਼, ਮੂਲ-ਮੰਤਰ ਦੀਆਂ ਕਰਦਾ ਕੀਤੀਆਂ।

**ਸੇਵਾ ਸਿੰਘ ਜੀ**: ਮੂਲ-ਮੰਤਰ ਦੀਆਂ ?

**ਬਾਬਾ ਜੀ** : ਮੂਲ-ਮੰਤਰ ਦੀਆਂ, ਕਰਦਾ ਕੀਤੀਆਂ।

**ਸੇਵਾ ਸਿੰਘ ਜੀ**: ਤੁਸੀਂ ਏਹ ਵੀ ਦੱਸਿਆਂ ਸੀ ਪਈ-

"**ਵਡਭਾਗੀਆ ਸੋਹਾਗਣੀ**"

"**ਤਾਤੀ ਵਾਉ ਨ ਲਗਈ**"

"**ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ**"

"**ਸੁਲਹੀ ਤੇ ਨਾਰਾਇਣ ਰਾਖੁ**"

"**ਗਈ ਬਹੋੜੁ ਬੰਦੀ ਛੋੜੁ**"

ਤੇ ਫਿਰ ਇੱਕ ਹੋਰ-

"**ਘੋਰ ਦੁਖ੍ਯੰ ਅਨਿਕ ਹਤ੍ਯੰ**"

"**ਪਹਿਲੀ ਪਉੜੀ ਦਾ**"

"**ਤਿਚਰੁ ਮੂਲਿ ਨ ਥੁੜੀਂਦੋ**"

ਇਨ੍ਹਾਂ ਸ਼ਬਦਾਂ ਦਾ ਸਵਾ ਸਵਾ ਲੱਖ ਪਾਠ ?

**ਬਾਬਾ ਜੀ** : ਇਨ੍ਹਾਂ ਸ਼ਬਦਾਂ ਦਾ ਪਾਠ ਤਾਂ ਉਦੋਂ ਨਾਲ ਤੁਰੇ ਜਾਂਦੇ ਕੰਮ ਕਰਦੇ ਕਰਦੇ ਈ ਕਰ ਲਿਆ ਆ ਸੀ।

**ਸੇਵਾ ਸਿੰਘ ਜੀ**: ਅੱਛਾ! ਹਲ ਵਾਹੁੰਦਿਆਂ ਈਂ ?

**ਬਾਬਾ ਜੀ** : ਹਲ ਵਾਹੁੰਦਿਆਂ, ਨਾਲ ਕਰਦੇ ਹੁੰਦੇ ਸੀ, ਗਿਣ ਲੈਂਦੇ ਸੀ ਪਈ ਐਨੇ ਸਿਆੜ ਆਉਂਦੇ, ਇਹਦੇ ਖੇਤ ਦੇ ਵਿੱਚ, ਤਾਂ ਏਨੇ ਪਾਠ ਹੋ ਜਾਂਦੇ ਇੱਕ ਫੇਰ ਦੇ ਵਿੱਚ। ਏਸ ਤਰ੍ਹਾਂ ਸਾਰਾ ਹਿਸਾਬ ਕਰ ਲੈਂਦੇ ਸੀ ਤਾਂ ਸਵਾ ਲੱਖ ਹੋ ਜਾਏ ਤਾਂ ਦੂਆ ਸ਼ੁਰੂ ਕਰ ਦਿੰਦਾ ਸੀ।



**ਸੇਵਾ ਸਿੰਘ ਜੀ**: ਤਾਂ ਅੰਮ੍ਰਿਤ ਫਿਰ ਕਦੋਂ ਛਕਿਆ ਸੀ ਜੀ ?

**ਬਾਬਾ ਜੀ** : ਅੰਮ੍ਰਿਤ ਉੱਥੇ ਛਕਿਆ ਮੈਨੂੰ ਏਨਾਂ ਨਹੀਂ ਪਈ ਕਿਹੜੇ ਸੰਮਤ ਵਿੱਚ ਛਕਿਆ

**ਸੇਵਾ ਸਿੰਘ ਜੀ**: ਸਰਗੋਧੇ ਛਕਿਆ ?

**ਬਾਬਾ ਜੀ** : ਛਕਿਆ ਸਰਗੋਧੇ ਸੀ।

**ਸੇਵਾ ਸਿੰਘ ਜੀ**: ਉਦੋਂ ਕੰਮ ਕਾਰ ਦੁਨਿਆਵੀ ਵੀ ਕਾਫ਼ੀ ਹੁੰਦਾ ਹੋਣਾ ਜੀ ?

**ਬਾਬਾ ਜੀ** : ਬੜਾ, ਬੜਾ ਜੀ।

**ਸੇਵਾ ਸਿੰਘ ਜੀ**: ਕਾਫ਼ੀ ਪਸ਼ੂ-ਪੁਸ਼ੂ ਰੱਖੇ ਹੋਣੇ ਆਂ ?

**ਬਾਬਾ ਜੀ** : ਵੀਹ ਪਸ਼ੂ ਸੀ ਜੀ ਵੀਹ। ਹੱਥੀਂ ਪੱਠੇ ਪਾਉਂਦੇ ਹੁੰਦੇ ਸੀ ਕੁਤਰ ਕੇ, ਪਸ਼ੂਆਂ ਹੱਥੀਂ ਕੁਤਰਦੇ ਹੁੰਦੇ ਸੀ ਮਸ਼ੀਨਾਂ ਮਗਰੋਂ ਆਈਆਂ। ਸਾਰਾ ਕੰਮ ਕਰਕੇ ਤਾਂ ਫੇਰ ਜਾਂਦੇ ਸੀ। ਬਸ ਫੇਰ, ਉੱਥੇ ਤਾਂ ਫੇ ਖੈਰ ਆਪਣਾ ਭਜਨ ਬੰਦਗੀ ਕਰਦੇ ਰਹਿਣਾ।

**ਸੇਵਾ ਸਿੰਘ ਜੀ**: ਰਹਾਇਸ਼ ਲਈ ਮੁਰੱਬੇ ਵਿੱਚ ਈ ਕੋਠਾ ਪਾਇਆ ਹੋਣਾ ?

**ਬਾਬਾ ਜੀ** : ਮੁਰੱਬੇ ਵਿੱਚ ਈ- ਮੁਰੱਬੇ ਵਿੱਚ ਰਹਿੰਦੇ ਉੱਥੇ, ਮੁਰੱਬੇ ਰਹਿੰਦੇ ਸੀ।

**ਸੇਵਾ ਸਿੰਘ ਜੀ**: ਅੱਛਾ ਜੀ! ਇਹ ਜਦੋਂ ਕੰਮ ਕਰਦੇ ਸੀ ਤੁਸੀਂ ਉਦੋਂ ਵੀ ਮਹਾਰਾਜ ਦੇ ਦਰਸ਼ਨ ਪਹਿਲਾਂ ਹੋਏ ਜੀ ਕਦੀ ?

**ਬਾਬਾ ਜੀ** : ਹਾਂ, ਹੋਏ ਸੀ ਇੱਕ ਦਿਨ ਪਹਿਲਾਂ ਉੱਥੇ ਮੈਂ ਪਾਠ ਕੀਤਾ ਹੈਗਾ ਆਪਣਾ, ਮੂਲ ਮੰਤਰ ਦਾ, ਉਦੋਂ ਦਸਵੇਂ ਪਾਤਸ਼ਾਹ ਦੇ ਹੋਏ ਸੀ।

**ਸੇਵਾ ਸਿੰਘ ਜੀ**: ਕਿਸ ਤਰ੍ਹਾਂ ਜੀ ?

**ਬਾਬਾ ਜੀ** : ਉਹ ਇਸ ਤਰ੍ਹਾਂ ਹੋਏ ਸੀ ਪਹਿਲਾਂ ਪਾਠ ਕਰਦੇ ਸੀ ਤਾਂ ਇੱਕ ਸਿੱਖ ਆਇਆ।

**ਸੇਵਾ ਸਿੰਘ ਜੀ**: ਦਿਨ ਦੀ ਗੱਲ ਆ ਜੀ ?

**ਬਾਬਾ ਜੀ** : ਦਿਨ ਦੀ ਦਿਨੇ ਦੁਪਹਿਰ ਦੀ ਤੇ...

**ਸੇਵਾ ਸਿੰਘ ਜੀ**: ਉਹਦਾ ਮੂੰਹ ਕੋਠੇ ਦਾ ਕਿਧਰ ਨੂੰ ਸੀ?

**ਬਾਬਾ ਜੀ** : ਚੜ੍ਹਦੀ ਅੱਲ ਨੂੰ।

**ਸੇਵਾ ਸਿੰਘ ਜੀ**: ਅੱਛਾ ਚੜ੍ਹਦੇ ਪਾਸੇ ਨੂੰ ?

**ਬਾਬਾ ਜੀ** : ਚੜ੍ਹਦੇ ਪਾਸੇ ਨੂੰ।

**ਸੇਵਾ ਸਿੰਘ ਜੀ**: ਇੱਕੋ ਕੋਠਾ ਸੀਗਾ ?

**ਬਾਬਾ ਜੀ** : ਇੱਕੋ ਕੋਠਾ ਸੀ।

**ਸੇਵਾ ਸਿੰਘ ਜੀ**: ਇੱਕੋ ਬੂਹਾ ਸੀ ?

**ਬਾਬਾ ਜੀ** : ਹਾਂ ਜੀ ਇੱਕੋ ਬੂਹਾ ਸੀ।

**ਸੇਵਾ ਸਿੰਘ ਜੀ**: ਅੱਛਾ ਜੀ ?

**ਬਾਬਾ ਜੀ** : ਤਾਂ ਉਹ ਫੇਰ , ਆਣ ਕੇ ਫ਼ਤਹਿ ਬੁਲਾਈ, ਤਾਂ ਬਹੁਤ ਹੀ ਦਰਸ਼ਨ ਨੂੰ ਬਹੁਤ ਬਹੁਤ ਸੁਹਣਾ ਲਗਦਾ ਸੀ, ਬਹੁਤ ਹੀ ਪਿਆਰਾ ਲਗਦਾ ਸੀ।

**ਸੇਵਾ ਸਿੰਘ ਜੀ**: ਸਿੱਖ ?

**ਬਾਬਾ ਜੀ** : ਹਾਂ ਤੇ ਜੁਆਨ ਵੀ ਬਹੁਤ ਤਕੜਾ ਸੀ।

**ਸੇਵਾ ਸਿੰਘ ਜੀ**: ਇਹ ਅੱਖਾਂ ਉਘਾੜੀਆਂ ਤੇ- ?

**ਬਾਬਾ ਜੀ** : ਇਹ ਦਿਨੇ ਦੀ ਗੱਲ ਆ ਜੀ, ਦਿਨੇ ਦੀ, ਬੈਠਿਆਂ ਦੀ। ਹਾਂ ਜੀ, ਤਾਂ ਫੇਰ ਉਹ ਕਹਿੰਦਾ ਪਈ, ਗੁਰੂ ਸਹਿਬ ਆ ਰਹੇ ਆ, ਫੇਰ ਉਹਦੇ ਦੱਸਣੇ ਤੇ ਬੜੀ ਖੁਸ਼ੀ ਹੋਈ ਮੈਂ ਬਾਹਰ ਨਿਕਲ ਪਿਆ ਨਾਲ ਈ ਓਹ ਵੀ, ਤਾਂ ਬਾਹਰ ਫਿਰ ਦਸਵੇਂ ਪਾਤਸ਼ਾਹ ਤੇ ਚਾਰ ਸਿੰਘ ਹੋਰ।

**ਸੇਵਾ ਸਿੰਘ ਜੀ**: ਕਿਹੜੇ ਪਾਸਿਓਂ ਆਏ ਜੀ ?

**ਬਾਬਾ ਜੀ** : ਓਧਰੋਂ ਆਪਣੇ, ਪੱਛੋਂ ਦੇ ਪਾਸਿਓਂ ਆਏ, ਜਾਣੋ ਲਹਿੰਦੇ ਪੂਰਬ ਲਹਿੰਦੇ ਪਾਸਿਓਂ ਨਹੀਂ, ਪੱਛੋਂ ਦੇ ਪਾਸਿਓਂ, ਤੇ ਮਗਰ ਇੱਕ ਸਿੱਖ ਨੇ ਮਹਾਰਾਜ ਦੇ ਛੱਤਰੀ ਫੜੀ ਹੋਈ, ਤੇ ਘੋੜੇ ਤੇ ਮਹਾਰਾਜ ਸੀਗੇ, ਤੇ ਉਹ ਛੱਤਰੀ ਦੀ ਛਾਂ ਸੀ ਮਹਾਰਾਜ ਤੇ, ਮਹਾਰਾਜ ਆਏ ਫ਼ਤਹਿ ਬੁਲਾਈ ਤਾਂ ਮੈਂ ਚਰਨਾਂ ਨੂੰ ਮੱਥਾ ਟੇਕਿਆ, ਤਾਂ ਮਹਾਰਾਜ ਘੋੜਾ ਖੜਾ ਕਰ ਲਿਆ ਤੇ ਬੋਲੇ ਕੁਛ ਨਾ। ਫੇਰ ਥੋੜਾ ਚਿਰ ਖੜਾ ਹੋ ਕੇ ਤੁਰ ਗਏ, ਨਾਲ ਉਹ ਚਾਰ ਸਿੰਘ ਚਲੇ ਗਏ ਤੇ ਇਹ ਜਿਹੜਾ ਸੀ ਪਹਿਲਾ, ਉਹ ਖੜਾ ਰਿਹਾ ਮੇਰੇ ਕੋਲ।

**ਸੇਵਾ ਸਿੰਘ ਜੀ**: ਜਿਹੜਾ ਦੱਸਣ ਆਇਆ ਸੀ ?

**ਬਾਬਾ ਜੀ** : ਹਾਂ ਜੀ ! ਤਾਂ ਮੈਨੂੰ ਬੜੀ ਹੈਰਾਨੀ ਹੋਈ ਪਈ ਮਹਾਰਾਜ ਆਏ ਵੀ ਦਰਸ਼ਨ ਵੀ ਹੋਏ ਸਭ ਕੁਛ ਹੋਇਆ, ਤੇ ਮਹਾਰਾਜ ਬੋਲੇ ਕੁਛ ਨਹੀਂ। ਉਹ ਮੇਰੀ ਹੈਰਾਨੀ ਦੇਖ ਕੇ ਕਹਿੰਦਾ ਪਈ ਤੂੰ ਹੈਰਾਨ ਕਿਉਂ ਆਂ ? ਮੈਂ ਕਿਹਾ ਜੀ ਮਹਾਰਾਜ ਆਏ ਵੀ ਤਾਂ ਬੋਲੇ ਕੁਛ ਨਹੀਂ ਉਹਨਾਂ ਕਿਹਾ ਕੁਛ ਨਹੀਂ। ਉਹ ਕਹਿੰਦਾ ਮੈਨੂੰ ਪਈ ਮਹਾਰਾਜ ਤੇਰੇ ਵਾਸਤੇ ਖੁਸ਼ ਆ, ਤੈਨੂੰ ਦਰਸ਼ਨ ਦੇ ਤੇ ਆ, ਤੇ ਨਰਾਜ ਇਸ ਗੱਲੋਂ ਆ ਪਈ ਤੂੰ "ਜਾਪੁ ਸਹਿਬ" ਦਾ ਪਾਠ ਨਹੀਂ ਕਰਦਾ। ਤੇ ਮੈਂ "ਸੁਖਮਨੀ ਸਾਹਿਬ" ਵੀ ਕਰਦਾ ਸੀ, ਹੋਰ ਬਾਣੀਆਂ



ਸਾਰੀਆਂ ਪੜ੍ਹਦਾ ਸੀ। ਮੈਨੂੰ ਬੜੀ ਹੈਰਾਨੀ ਹੋਈ- ਬਹੁਤ ਹੈਰਾਨੀ ਹੋਈ ਜਿੰਨਾਂ ਸੰਤਾਂ ਨੇ ਹਰਦਿੱਤ ਸਿੰਘ ਹੁਣਾ ਨੇ ਕੀਤਾ ਸੀ ਪਾਠ ਅਰੰਭ, ਉਹਨਾਂ ਇਹ ਨਾਂ ਮੈਨੂੰ ਦੱਸਿਆ ਪਈ "ਜਾਪੁ ਸਾਹਿਬ" ਦਾ ਪਾਠ ਪਈ ਜਰੂਰੀ ਆ।

**ਸੇਵਾ ਸਿੰਘ ਜੀ**: ਇਹਦਾ ਮਤਲਬ ਨਿਤਨੇਮ ਕਰਨਾ ਬਹੁਤ ਜਰੂਰੀ ਹੋਇਆ ?

**ਬਾਬਾ ਜੀ** : ਬਹੁਤ ਜਰੂਰੀ ਆ ਜੀ, ਬਿਲਕੁਲ ਜਰੂਰੀ ਆ ਜੀ। ਸਭ ਸਾਧਨਾਂ ਦਾ ਮੁੱਢ ਸਾਧਨ ਆ ਏਹੋ।

**ਸੇਵਾ ਸਿੰਘ ਜੀ**: ਬਾਕੀ ਜਿੰਨੀ ਬਾਣੀ ਕਿਸੇ ਦੀ ਖੁਸ਼ੀ ਪੜ੍ਹੇ ਨਾ ਪੜ੍ਹੇ , ਪਰ ਨਿਤਨੇਮ ਕਰਨਾ ਜਰੂਰੀ ਆ।

**ਬਾਬਾ ਜੀ** : ਬਹੁਤ ਜਰੂਰੀ ਆ। ਇਹ ਤੇ ਗੁਰੂ ਦੀ ਖੁਸ਼ੀ ਆ। ਇਹ ਕਰਕੇ ਨਿਤਨੇਮ, ਫੇਰ ਸੁਖਮਨਾ, ਸੁਖਮਨੀ ਸਾਹਿਬ ਕਰੋ, ਆਸਾ ਦੀ ਵਾਰ ਕਰੋ-ਕੋਈ ਕਰੋ, ਏਸ ਦਾ ਫਲ ਬੇਅੰਤ ਹੁੰਦਾ, ਤੇ ਜਿਹੜਾ ਛੱਡ ਲਓ ਤਾਂ ਗੁਰੂ ਜੀ ਇਹ ਕਮੀ ਗਿਣਦੇ ਆ ਉਹਨੂੰ, ਜਿਹੜਾ ਆਪਣੇ ਨਿਤਨੇਮ ਦੀਆਂ ਬਾਣੀਆਂ, ਉਨ੍ਹਾਂ 'ਚੋਂ ਕੋਈ ਵੀ ਛੱਡ ਲਓ, ਗੁਰੂ ਸਾਹਿਬ ਕਮੀ ਗਿਣਦੇ ਉਹਨੂੰ। ਉਹਤੇ ਗੁਰੂ ਸਾਹਿਬ ਦੀ ਖੁਸ਼ੀ ਨਹੀ। ਬਸ ਉਸ ਨੇ ਮੈਨੂੰ ਦੱਸਿਆ ਪਈ "ਜਾਪੁ ਸਾਹਿਬ" ਦੀ ਕਮੀ ਕਰਕੇ ਮਹਾਰਾਜ ਬੋਲੇ ਨਹੀਂ।

**ਸੇਵਾ ਸਿੰਘ ਜੀ**: ਫੇਰ ਤੁਸੀਂ ਕਰਨ ਲਪ ਪਏ ?

**ਬਾਬਾ ਜੀ** : ਫੇਰ ਕਰਨ ਲਪ ਪਿਆ। ਬਸ ਏਦਾਂ ਕਰਕੇ ਉਹ ਸਮਾਂ ਨਿਕਲ ਗਿਆ, ਨਿਕਲ ਗਿਆ ਤਾਂ, ਫੇਰ ਜਦੋਂ ਫੇਰ ਇਹ ਕੰਮ ਛੱਡ ਦਿੱਤਾ, ਤਾਂ ਫੇਰ, ਮੈਂ ਏਹ ਤਿੰਨ ਵਾਰੀ ਫੇਰ, ਕੀਤਾ ਪਾਠ ਏਹਦਾ, ਮੂਲ ਮੰਤਰ ਦਾ, ਚਾਲੀ-ਚਾਲੀ ਦਿਨ, ਤਾਂ ਫੇਰ ਏਥੇ ਈ ਚੰਡੀ ਦੀ ਵਾਰ ਦਾ ਪਾਠ ਕਰਦਾ ਸੀ, ਤੇ ਦਿਲ 'ਚ ਹੁੰਦਾ ਸੀ ਪਈ ਇਹਦਾ ਪਤਾ ਕਰਨਾ ਪਈ ਕੋਈ ਏਹਦਾ ਸਾਧਨ ਪਈ ਦੱਸੇ ਕੋਈ।

**ਸੇਵਾ ਸਿੰਘ ਜੀ**: ਚੰਡੀ ਦੀ ਵਾਰ ਦਾ ?

**ਬਾਬਾ ਜੀ** : ਚੰਡੀ ਦੀ ਵਾਰ ਦਾ, ਤੇ ਸੰਤਾਂ ਮਹਾਤਮਾਂ ਨੂੰ ਕਈਆਂ ਨੂੰ ਪੁੱਛਿਆ, ਤੇ ਕਿਨੇ ਇਹ ਗੱਲ ਕੋਈ ਖਾਸ ਖੋਲ੍ਹੀ ਨਾ, ਪਈ ਐਸ ਤਰ੍ਹਾਂ ਏਹ ਹੈਗਾ, ਤੇ ਮੈਂ ਰਾਤ ਨੂੰ ਚੰਡੀ ਦੀ ਵਾਰ ਦਾ ਪਾਠ ਕਰਕੇ ਲੰਮਾ ਪਿਆ, ਤੇ ਦੋ ਸਿੰਘ ਆਉਂਦੇ ਦੇਖੇ ਮੈਨੂੰ, ਮੈਂ ਦੇਖੇ ਦੂਰੋਂ, ਮੈਂ ਕਿਹਾ ਪਈ ਕੋਈ ਰਾਹੀ ਹੈਗੇ ਆ, ਜੇ ਕਪੜਾ ਚਾਹੁਣਗੇ ਤਾਂ ਕਪੜਾ ਦੇ ਦਿਆਂਗੇ।

**ਸੇਵਾ ਸਿੰਘ ਜੀ**: ਸਿਆਲ ਦੇ ਦਿਨ ਸੀ ਜੀ ?

**ਬਾਬਾ ਜੀ** : ਸਿਆਲ ਦੇ ਦਿਨ ਸੀ ਤੇ ਜੇ ਕੋਈ ਆਏ ਖੋਣ-ਖਾਹਣ ਆਲੇ, ਤਾਂ ਮੁਕਾਬਲਾ ਕਰਾਂਗੇ। ਉਹ ਏਨੀ ਗੱਲ ਕਰਦੇ ਨੂੰ ਇਕ ਦਮ ਆ ਗਏ ਮਰੇ ਕੋਲ। ਪਹਿਲਾਂ ਮੁਹਰਲਾ

ਸੀ ਉਨ ਮੇਰੇ ਰਜਾਈ ਏਧਰੋਂ ਮੁਹਰਿਓ ਦੱਬ ਲਈ, ਤੇ ਦੂਏ ਨੇ ਪੌਂਦ ਅਲੋ, ਤਾਂ ਮੈਂ ਸਮਝਿਆ ਪਈ ਏਹ ਆਦਮੀ ਨਹੀਂ, ਇਹ ਕੋਈ, ਸੱਤਪੁਰਖ ਆ। ਮੈਂ ਫੇ ਪਹਿਲੀ ਪਉੜੀ ਦਾ ਪਾਠ ਕਰਨ ਲਗ ਪਿਆ, ਅੰਦਰੇ ਅੰਦਰ ਈ, ਤੇ ਪਹਿਲੇ ਨੇ ਮੇਰਾ ਮੁਹਰਿਓ ਛੱਡ ਕੇ ਪਰਲੇ ਬੂਹੇ ਅਲ ਹੋ ਗਿਆ, ਤੇ ਦੂਏ ਨੇ ਫੇ ਮਗਰੋਂ ਛੱਡ ਦਿੱਤਾ। ਮੈਂ ਫਿਰ ਉੱਠ ਕੇ ਬਹਿ ਗਿਆ, ਤੇ ਉਹ ਹੱਸ ਪਏ, ਉਹ ਹੱਸਕੇ ਮੈਨੂੰ ਕਹਿੰਦੇ ਪਈ ਤੇਰੇ ਨਾਲ ਅਸੀਂ ਆਏ ਤਾਂ ਤੈਨੂੰ ਦੱਸਣ ਵਾਸਤੇ ਇੱਕ ਗੱਲ, ਮੁਕਾਬਲਾ ਕਰਨ ਨਹੀਂ ਸੀ ਆਏ, ਪਰ ਤੇਰੇ ਦਿਲ 'ਚ ਸੀ ਪਈ ਮੁਕਾਬਲਾ ਕਰਨਾ, ਤਾਂ ਤੈਨੂੰ ਅਸੀਂ ਦੱਬਿਆ, ਦੱਬਣ ਨਹੀਂ ਸੀ ਆਏ। ਤਾਂ ਮੈਂ ਕਿਹਾ ਪਈ ਆਉ ਫੇ ਬੈਠੋ। ਨਹੀਂ ਬਹਿਣਾ ਨਹੀਂ, ਤੈਨੂੰ ਗੱਲ ਇਕ ਦੱਸਣ ਆਏ ਆਂ, ਪਈ ਚੰਡੀ ਦੀ ਵਾਰ ਦਾ ਪਾਠ, ਜੇ ਸੂਰਜ ਅਥਮੇਂ ਤੋਂ ਕਰੀਏ 'ਰਹਿਰਾਸ' ਤੋਂ ਮਗਰੋਂ ਜਾਂ ਹਨ੍ਹੇਰੇ ਹੋਏ ਤੇ, ਤੇ ਉਹ ਸਾਰੀ ਰਾਤ ਈ ਕਰੀ ਜਾਣਾ ਚਾਹੀਦਾ, ਇਹੋ ਹੀ ਏਹਦਾ ਸਾਧਨ ਆ, ਤੇ ਦਿਨੇ ਕਰੋ ਤਾਂ ਭਾਵਾਂ ਇੱਕ ਕਰੋ, ਦੋ ਕਰੋ ਨਾਂ ਨਾ ਕਰੋ ਤੁਹਾਡੀ ਮਰਜੀ ਸੁਭਾਹ ਕਰੋ? ਦਿਨੇ ਦੀ ਕੋਈ ਗੱਲ ਨਹੀਂ।

**ਸੇਵਾ ਸਿੰਘ ਜੀ** : ਜੇ ਸੂਰਜ ਮਿੱਟਣ ਤੋਂ ਬਾਅਦ ਕਰਨਾ ਤਾਂ ਫੇਰ ਸਾਰੀ ਰਾਤ ਕਰੋ?

**ਬਾਬਾ ਜੀ** : ਸਾਰੀ ਰਾਤ ਕਰੋ, ਇਹਦਾ ਇਹ ਸਾਧਨ ਆ, ਏਹਨੂੰ ਬੰਦ ਨਹੀਂ ਕਰਨਾ। ਰਾਤ ਜੇ ਸ਼ੁਰੂ ਕਰੀਏ ਤਾਂ, ਉਹ ਉਹਨੀ ਦੱਸੀ ਗੱਲ, ਬੱਸ ਫੇਰ, ਉੱਥੇ ਏਦਾਂ ਕੋਸ਼ਿਸ਼ ਕਰਦੇ ਰਹੇ ਤਾਂ ਫੇ ਹਾਅ ਜਿਹੜਾ, ਦ੍ਰਿੜ ਤਾਂ ਹੋ ਈ ਗਿਆ ਸੀ ਸਾਰਾ ਦਿਨ ਕੰਮ ਨਹੀਂ ਸੀ ਕੋਈ ਵੀ ਕਰਦਾ, ਤਾਂ ਫੇਰ ਇਹ ਹਰਦਿੱਤ ਸਿੰਘ ਹੁਣੀ ਤਾਂ ਸੰਤ ਸਾਧੂ ਸਿੰਘ ਹੁਣੀ ਏਹ ਗਏ ਹੋਏ ਸੀ ਆਪਣੇ ਅਨੰਦਪੁਰ ਸਾਹਿਬ, ਅਨੰਦਪੁਰ ਸਾਹਿਬ ਹੀ ਸੇਵਾ ਕਰਦੇ ਹੁੰਦੇ ਸੀ ਲੰਗਰ ਦੀ, ਤੇ ਸੰਤ ਘਨਈਆ ਸਿੰਘ ਹੁਣੀ ਕਰਦੇ ਹੁੰਦੇ ਸੀ ਆਪਣਾ ਉੱਥੇ ਗੁਰਦੁਆਰੇ ਦੀ ਸੇਵਾ, ਅਨੰਦਗੜ੍ਹ ਸਾਹਿਬ, ਤੇ ਮੈਂ ਮਾਈ ਨੂੰ ਪੁਛਿਆ ਤੁਸੀਂ ਕਹੋ ਤਾਂ ਉੱਥੇ ਛੇਆਂ ਮਹੀਨਿਆਂ ਦਾ ਆਰੰਭ ਕੀਤਾ ਸੀ ਪਾਠ, ਮੂਲ-ਮੰਤਰ ਛੇ ਮਹੀਨੇ, ਇਹ ਕਰੀ ਜਾਣੀਆ ਹੈਗੀਆਂ, ਏਨੀਆਂ ਈ ਮਾਲਾ, ਬੱਤੀ ਮਾਲਾ ਰੋਜ ਦੀਆਂ, ਕੁਝ ਕਰਕੇ ਤਾਂ ਫੇ ਮੈਂ, ਉਨ੍ਹੀਂ ਮਾਈ ਨੇ ਮੈਨੂੰ ਅਜਾਜਤ ਦੇਤੀ ਤਾਂ ਤਾਂ ਉਥੇ ਚਲਾ ਗਿਆ। ਸੰਤਾਂ ਨੇ ਮੈਨੂੰ ਕਮਰਾ ਦੇ ਤਾ, ਓਥੇ ਪਾਠ ਕਰਦਾ ਰਿਹਾ, ਕਰਦੇ ਦੇ ਮੈਨੂੰ ਫੇ ਸ਼ਹੀਦ ਸਿੰਘਾਂ ਦੇ ਦਰਸ਼ਨ ਹੋਏ।

**ਸੇਵਾ ਸਿੰਘ ਜੀ** : ਉੱਥੇ ਅਨੰਦਪੁਰ ਸਾਹਿਬ ਜੀ?

**ਬਾਬਾ ਜੀ** : ਹਾਂ ਜੀ! ਅਨੰਦਪੁਰ ਸਾਹਿਬ। ਉਥੇ ਆਪਣੇ ਕੀ ਨਾਂ ਆ ਉਹਦਾ।

**ਸੇਵਾ ਸਿੰਘ ਜੀ**: ਅਨੰਦਗੜ੍ਹ ਸਾਹਿਬ ਜੀ?

**ਬਾਬਾ ਜੀ** : ਹਾਂ ਅਨੰਦਗੜ੍ਹ ਸਾਹਿਬ। ਉੱਥੇ ਈ ਏਹਨਾਂ ਦਾ ਲੰਗਰ ਚਲਦਾ ਸੀ, ਉੱਥੇ ਈ ਰਹਿੰਦੇ ਸੀ, ਤੇ ਫੇਰ ਗੁਰਦੁਆਰਾ ਵੀ ਉਹੀ ਬਣਾਉਂਦੇ ਸੀ। ਫੇਰ ਮੈਨੂੰ ਦਰਸ਼ਨ ਹੋਏ, ਇੱਕ



ਸਿੰਘ, ਐਨਾ ਬੜਾ ਚੌੜਾ ਭਾਰਾ, ਬੂਹੇ ਦੇ ਵਿੱਚ ਦੀ ਮਸੀਂ ਈ ਲੰਘਿਆਂ, ਓਹ ਪਹਿਲਾਂ ਤਾਂ ਦੋ ਲੰਘ ਸੀ ਪਹਿਲਾਂ, ਓਹ ਤਾਂ ਫਤਿਹ ਬਲਾ ਕੇ ਨੇੜੇ ਆ ਗਏ, ਤਾਂ ਇਹ ਕਹਿੰਦਾ ਫੜ ਲਉ ਏਹਨੂੰ ਚੱਕ ਕੇ ਤਾਂਹ ਮਾਰੋ ਅਸਮਾਨ ਤੇ। ਤਾਂ ਮੈਂ ਹੱਸ ਪਿਆ, ਮੈਂ ਕਿਹਾ ਅਸਮਾਨ ਤੇ ਗੁਰੂ ਸਾਹਿਬ ਨਹੀਂ? ਅਸਮਾਨ ਤੇ ਵੀ ਉਹ ਹੈਗੇ। ਉਹ ਫੇ ਕਹਿੰਦੇ ਬਸ ਏਹੇ ਗੱਲ ਨੂੰ ਆਏ ਸੀ ਤੈਨੂੰ, ਏਨੀਂ ਗੱਲ ਪਰ ਦੇਖਣ ਈ ਆਏ ਸੀ ਪਈ ਦੇਖੀਏ ਕੇਹਤੇ ਤੈਨੂੰ ਯਕੀਨ ਆ। ਬੱਸ ਫੇਰ ਉਹ ਚਲੇ ਗਏ, ਚਲੇ ਗਏ ਤਾਂ ਫੇਰ ਕੁਝ ਦਿਨਾਂ ਬਾਅਦ ਫੇਰ ਵਧਾਵਾ ਸਿੰਘ ਹੁਣੀ।

**ਸੇਵਾ ਸਿੰਘ ਜੀ**: ਅੱਛਾ ! ਇੱਕ ਇਹ ਗੱਲ ਦੱਸਿਓ ਜੀ, ਜਦੋਂ ਤੁਸੀਂ ਆਪਣੇ ਤੇ ਉਹ ਪ੍ਰਕਾਸ਼ ਹੋਇਆ ਪਹਿਲੀ ਵਾਰੀ, ਉਦੋਂ ਪ੍ਰਕਾਸ਼ ਆਮ ਈ ਰਹਿੰਦਾ ਹੋਣਾ?

**ਬਾਬਾ ਜੀ** : ਉਹ ਰੋਜ ਰਹਿੰਦਾ ਸੀ ਤੁਰਿਆ ਜਾਂਦਿਆਂ ਲੋਅ ਹੁੰਦੀ ਸੀ ਸਾਹਮਣੇ।

**ਸੇਵਾ ਸਿੰਘ ਜੀ**: ਅੱਛਾ ! ਤੁਸੀਂ ਤੁਰੇ ਜਾਣਾ ਤੇ ਲੋਅ ਹੁੰਦੀ?

**ਬਾਬਾ ਜੀ** : ਹਾਂ, ਲੋਅ ਅੱਗੇ ਹਨ੍ਹੇਰਾ ਤਾਂ ਲੋਆ ਹੋਣੀ, ਬੱਸ ਲੋਅ ਹੁੰਦੀ ਜਾਣੀ।

**ਸੇਵਾ ਸਿੰਘ ਜੀ**: ਕਾਫੀ ਜਿਆਦਾ ਹੁੰਦਾ ਸੀ?

**ਬਾਬਾ ਜੀ** : ਹਾਂ ਜੀ, ਲੋਅ ਹੁੰਦੀ ਜਾਣੀ। ਫੇਰ ਕੁਝ ਚਿਰ ਹੁੰਦੀ ਰਹੀ ਤਾਂ ਫੇਰ, ਮੈਨੂੰ ਇਹ ਸ਼ੱਕ ਪੈ ਗਈ, ਮੈਂ ਕਿਹਾ ਲੋਕ ਮੈਨੂੰ ਮੰਨਣ ਲੱਗ ਪੈਣਗੇ, ਜੇ ਮੈਂ ਏਦਾਂ ਲੋਅ ਈ ਲੋਅ 'ਚ ਤੁਰਿਆ ਰਹਿੰਦਾ ਲੋਅ ਦੇਖਣੀ ਆ ਲੋਅ ਮੁਹਰੇ, ਪਈ ਏਹਦੇ ਨਾਲੋਂ ਚੰਗਾ ਪਈ ਲੋਅ ਬੰਦ ਕਰ ਦੇਈਏ, ਫੇਰ ਮਹਾਰਾਜ ਨੂੰ ਬੇਨਤੀ ਕੀਤੀ ਤਾਂ ਲੋਅ ਹੱਟ ਗਈ, ਫੇਰ ਹਟੀ ਸੀ।

**ਸੇਵਾ ਸਿੰਘ ਜੀ**: ਓਹ ਤੋਂ ਪਹਿਲਾਂ, ਆਪਣੇ, ਤੁਸੀਂ ਇਕ ਵਾਰੀ ਦੱਸਿਆ ਸੀ ਅਵਤਾਰ ਸਿੰਘ ਜੀ ਮਿਲਿਆ, ਉਹਦਾ ਕਿਸ ਤਰ੍ਹਾਂ ਸੀ?

**ਬਾਬਾ ਜੀ** : ਅਵਤਾਰ ਸਿੰਘ ਕਿਹੜਾ?

**ਸੇਵਾ ਸਿੰਘ ਜੀ**: ਅਵਤਾਰ ਸਿੰਘ, ਬੀ.ਡੀ.ਓ. ਜਿਹੜਾ ਹੁਣ ਲਗਾ ਆ ਸੀ ਇਹ ਬੀਮਾਰ ਹੋ ਗਿਆ ਸੀ, ਤੁਸੀਂ ਦੱਸਿਆ ਸੀਗਾ?

**ਬਾਬਾ ਜੀ** : ਉੱਥੇ, ਹਾਂ ਉੱਥੇ ਮਿਲਿਆ ਸੀ।

**ਸੇਵਾ ਸਿੰਘ ਜੀ**: ਉੱਥੇ ਦੀ ਗੱਲ ਆ?

**ਬਾਬਾ ਜੀ** : ਹਾਂ ਉੱਥੇ ਦੀ ਗੱਲ ਆ ਜੀ, ਏਹਨੂੰ ਬੀਮਾਰੀ ਏਦਾਂ ਹੋਈ ਸੀ ਪਈ, ਉੱਥੇ ਇਹ ਬੀਮਾਰ ਹੋ ਗਿਆ ਰਾਜੀ ਹੋਵੇ ਨਾ, ਫੇਰ ਸੁਹਰੇ ਲੈ ਗਏ, ਸਹੁਰੇਆਂ ਤੇ ਵੀ ਜੋਰ ਲਾ ਲਿਆ ਰਾਜੀ ਨਾ ਹੋਇਆ, ਤਾਂ ਫੇ ਉੱਥੇ ਚਲੇ ਗਏਤੇ ਇਹ ਸੁਦਾਈ ਹੋਣ ਲੱਗਾ ਆ ਸੀਗਾ, ਤਾਂ ਇਹਨੂੰ ਕਿਤੋਂ ਅਰਾਮ ਨਾਂ ਤੇ ਕਿਤੇ ਮੇਰੇ ਕੋਲ ਆ ਜਾਣਾ ਤਾਂ ਇਹਨੂੰ ਕੁਛ, ਅੱਗੇ ਨਾਲੋਂ ਆਰਾਮ ਹੋ ਜਾਣਾ। ਏਨ ਏਹ ਸਮਝ ਲਈ ਪਈ ਮੈਨੂੰ ਆਰਾਮ ਹੋ ਜਾਂਦਾ ਏਥੋਂ,

ਪਈ ਮਾਈ ਹੁਣਾ ਨੂੰ ਕਹਿੰਦਾ ਪਈ ਜੇ ਇਹ ਕਿਤੇ ਕੁਛ ਚਾਰਾ ਕਰਨ ਤਾਂ ਮੇਰਾ ਬਚਾ ਹੋ ਸਕਦਾ।

**ਸੇਵਾ ਸਿੰਘ ਜੀ**: ਅੱਛਾ ਜੀ, ਤੁਹਾਡੇ ਮਾਤਾ ਜੀ ਉਦੋਂ ਨਾਲ ਈ ਹੁੰਦੇ ਸੀ ਸਰਗੋਧੇ?

**ਬਾਬਾ ਜੀ** : ਕੋਲ ਹੀ ਸੀ ਨਾ ਨਾਲ ਈ।

**ਸੇਵਾ ਸਿੰਘ ਜੀ**: ਨਾਲ ਈ ਤੁਹਾਡੇ?

**ਬਾਬਾ ਜੀ** : ਹਾਂ ਜੀ! ਕੋਲ ਈ। ਫੇਰ ਉਹ ਕਹਿੰਦੇ ਪਈ, ਜੇ ਕਾਕਾ ਹੋ ਸਕਦਾ ਤਾਂ ਕੁਛ ਕਰੋ, ਪਈ ਇਹ ਬਹੁਤ ਅਉਖਾ ਆ। ਉਹਨਾਂ ਦੇ ਕਹਿਣ ਕਰਕੇ ਫਿਰ ਮੈਂ, "ਸਿਰ ਮਸਤਕਿ ਰੱਖਿਆ ਪਾਰਬ੍ਰਹਮ" ਇਹਦਾ ਪਾਠ ਆਰੰਭ ਕਰ ਦਿੱਤਾ, ਤੇ ਗੁਰੂ ਮਹਾਰਾਜ ਏਨਾਂ ਦੇ ਘਰ ਲੈ ਆਏ ਤਾਂ ਏਨ੍ਹਾ ਦੇ ਘਰ ਈ ਪਾਠ ਕਰਦੇ ਸੀ, ਇਹਨਾਂ ਨੂੰ ਸੁਣਾਉਣਾਂ ਸ਼ੁਰੂ ਕਰ ਦਿੱਤਾ ਤੇ ਚਾਲੀ ਦਿਨ ਫੇਰ ਪਾਠ ਇਹ ਕੀਤਾ ਸੀ।

**ਸੇਵਾ ਸਿੰਘ ਜੀ**: ਅੱਛਾ ਜੀ ! ਇਹ ਦੱਸਿਓ ਜੀ, ਓਦਾਂ ਤੁਹਾਡਾ ਕੀ ਲਗਦਾ ਸੀ ਰਿਸ਼ਤੇ ਵਿੱਚੋਂ, ਕੋਈ ਜੀ?

**ਬਾਬਾ ਜੀ** : ਹਾਂ, ਭਤੀਜਾ ਸੀ ਇਹ।

**ਸੇਵਾ ਸਿੰਘ ਜੀ** : ਏਹਨਾਂ ਦੇ ਘਰ ਈ ਪਾਠ ਸ਼ੁਰੂ ਕੀਤਾ ਸੀ?

**ਬਾਬਾ ਜੀ** : ਭਤੀਜਾ ਸੀ ਇਹ, ਤੇ ਉਹ, ਏਹਦਾ ਬਾਪ ਸਾਡੀ ਮਾਸੀ ਦਾ ਪੁੱਤ ਭਰਾ ਸੀ। ਕੁਝ ਦਿਨ ਥੋੜੇ ਹੋਏ ਕਰਦਿਆਂ ਨੂੰ ਤਾਂ ਇਕ, ਸਿੰਘ ਆਇਆ ਸੱਤਪੁਰਖ, ਉਨ ਮੈਨੂੰ ਪਿਛਲੀ ਅਲੋਂ ਇਥੋਂ ਧੌਣ ਤੋਂ ਫੜਿਆ, ਤੇ ਇਕ ਹੱਥ ਮੇਰੇ ਪਿੱਛੇ ਪਾਇਆ, ਗਾਹਾਂ (ਅਗਾਹਾਂ) ਨੂੰ ਧੱਕਾ ਮਾਰਿਆ। ਧੱਕਾ ਮਾਰਿਆ ਚੰਗਾ ਜ਼ੋਰ ਲਾ ਕੇ, ਤਾਂ ਮੈਂ ਹਿੱਲਿਆ ਨਾ, ਹਿੱਲਿਆ ਨਾ ਤਾਂ ਫੇਰ ਉਨ ਜ਼ੋਰ ਮਾਰਿਆ ਫੇਰ ਵੀ ਨਾ ਹਿੱਲਿਆ, ਤੀਈ ਵਾਰੀ ਮਾਰਿਆ ਤਾਂ ਮੈਂ ਕਿਹਾ ਤੁਸੀਂ ਆ ਜਾਉ ਏਧਰ, ਮੇਰੇ ਨਾਲ ਗੱਲ ਕਰੋ ਪਈ ਕੀ ਗੱਲ ਹੈਗੀ। ਉਹ ਫੇ ਮੇਰੇ ਮੁਹਰੇ ਆ ਗਿਆ, ਤੇ ਕਹਿੰਦਾ ਗੱਲ ਕੀ ਕਰਨੀ ਆ-ਜਿਹਦੀ ਤੁਸੀਂ ਮਦਦ ਕਰਦੇ ਆ ਇਹ ਮਦਦ ਕਰਨੇ ਆਲਾ ਆਦਮੀ ਨਹੀਂ, ਤੇ ਮੈਂ ਕਿਹਾ ਕੀ ਗੱਲ? ਕਹਿੰਦੇ ਏਨ ਗੁਰੂ ਨਾਨਕ ਦੇਵ ਦੀ ਨਿੰਦਿਆ ਕੀਤੀ-ਜਿਹੜੀ ਸੁਣ ਨਹੀਂ ਸਕਦੇ ਅਸੀਂ। ਅਸੀਂ ਤਾਂ ਏਹਨੂੰ ਮਾਰ ਦੇਣਾ ਚਾਹੁੰਦੇ ਸੀ ਮਾਰ ਦਿੰਦੇ ਓਸਲਾਂ ਵੀ, ਪਰ ਗੱਲ ਸੀ ਏਹ ਪਈ ਬਹੁਤੀ ਸਜਾ ਦੇ ਕੇ ਏਹਨੂੰ ਮਾਰਨਾ, ਪਈ ਐਨੀ ਗੁਰੂ ਸਾਹਿਬ ਦੀ ਨਿੰਦਿਆ ਏਨ ਕੀਤੀ, ਇਸ ਕਰਕੇ ਇਹਨੂੰ ਆਹ ਦੁੱਖ ਦੇ ਕੇ ਮਾਰਨ ਦਾ ਖਿਆਲ ਸੀ।

**ਸੇਵਾ ਸਿੰਘ ਜੀ**: ਇਹ ਕੌਮਨਿਸਟ ਖਿਆਲਾਂ ਦਾ ਹੋਣਾ ਨਾ ਉਦੋਂ ?

**ਬਾਬਾ ਜੀ** : ਇਹ ਕੌਮਨਿਸਟ ਖਿਆਲਾਂ ਦਾ ਸੀ ਤੇ ਗੁਰੂ ਸਾਹਿਬ ਨੂੰ ਮੰਨਦਾ ਈ ਨਹੀਂ



ਸੀ ਕਹਿੰਦਾ ਸੀ ਪਈ ਹੈ ਈ ਕੁਛ ਨਹੀਂ, ਬੱਸ ਫੇਰ, ਮੈਂ ਕਿਹਾ ਹੁਣ ਏਹਤੋਂ ਮਨਾ ਦੇਂਦੇਂ ਆਂ ਜੋ ਕਹੋ। ਕਹਿੰਦੇ ਮਨਾਉਣਾ ਮਨਾਂਣਾ ਕੀ ਆ, ਤੇ ਹੁਣ ਅਸੀਂ ਏਹਦਾ ਪਿੱਛਾ ਛੱਡ ਦਿੰਨੇ ਆਂ, ਪਈ ਛੱਡਣੇ ਆਲਾ ਹੈ ਨਹੀਂ ਸੀ ਏਹੇ। ਖੈਰ ਮੈਂ ਕਿਹਾ ਪਈ ਅੱਛਾ ਹੁਣ ਮਿਹਰਬਾਨੀ ਕਰੋ ਅੱਗੇ ਵਾਸਤੇ ਨਾ ਹੁਣ ਇਹ ਕਰੂ। ਸੋ ਉਹ ਚਲਿਆ ਗਿਆ, ਤਾਂ ਮੈਨੂੰ ਤਿੰਨ ਦਿਨ ਜੀ ਏਥੇ ਆਹਾ ਏਦਾਂ ਜਿੱਥੇ ਹੱਥ ਪਾਇਆ ਸੀ ਤਿੰਨ ਦਿਨ ਏਥੋਂ ਓਦਾਂ ਈ ਓਦਾਂ ਰਿਹਾ ਤਾਂ ਉਗਲੀਆਂ ਲੱਗੀਆਂ ਆ।

**ਸੇਵਾ ਸਿੰਘ ਜੀ**: ਧੌਣ ਉੱਤੇ।

**ਬਾਬਾ ਜੀ** : ਧੌਣ ਤੇ, ਏਦਾਂ ਮਲੂੰਮ ਹੁੰਦਾ ਸੀ ਪਈ ਇਹ।

**ਸੇਵਾ ਸਿੰਘ ਜੀ**: ਇੰਨੇ ਜੋਰ ਨਾਲ ਹੱਥ ਪਾਇਆ ਉਨ੍ਹਾਂ?

**ਬਾਬਾ ਜੀ** : ਹਾਂ, ਬੱਸ ਇਹ, ਤਕੜਾ ਤਾਂ ਹੋ ਗਿਆ, ਪਰ ਐਸਾ ਇਹਦਾ ਫੇ ਮਨ ਦੇਖਿਆ ਪਈ ਏਨ ਉਹ ਨਹੀਂ ਪਈ ਜਿਨ੍ਹਾਂ ਅਉਖੀ ਥਾਂ ਤੋਂ ਨਿਕਲਿਆ ਸੀ, ਪਈ ਪਰਮਾਤਮਾ ਦੇ ਪਾਸੇ ਨੂੰ ਪ੍ਰੇਮ ਨਾਲ ਲੱਗ ਪੈਂਦਾ।

ਸੇਵਾ ਸਿੰਘ ਜੀ: ਆਹੋ, ਨਹੀਂ ਤਾਂ ਅਖੀਰਲੇ ਪਾਸਿਉਂ ਮੁੜਿਆ ਸੀਗਾ ?

**ਬਾਬਾ ਜੀ** : ਹਾਂ ਜੀ, ਨਹੀਂ ਇਹ ਤੁਰਿਆ ਨਹੀਂ, ਏਨ ਕੋਈ ਗੌਰ ਕੀਤੀ ਨਹੀਂ।

**ਸੇਵਾ ਸਿੰਘ ਜੀ**: ਇਹ ਸਾਧਨ ਚਾਲੀ ਦਿਨ ਕੀਤਾ ਸੀ ਜੀ?

**ਬਾਬਾ ਜੀ** : ਚਾਲੀ ਦਿਨ ਜੀ, ਚਾਲੀ ਦਿਨ ਕੀਤਾ ਸੀ। ਉਹ ਇਹ "**ਸਿਰ ਮਸਤਕ ਰਖਿਆ ਪਾਰਬ੍ਰਹਮੰ**"।

**ਸੇਵਾ ਸਿੰਘ ਜੀ**: ਅੱਛਾ ਜੀ, ਤੇ ਫਿਰ ਇਹ ਰਾਜੀ ਹੋ ਗਿਆ ਸੀਗਾ?

**ਬਾਬਾ ਜੀ** : ਹਾਂ ਜੀ, ਹੋ ਗਿਆ ਬੜਾ ਸੁਹਣਾ।

**ਸੇਵਾ ਸਿੰਘ ਜੀ**: ਭਾਈ ਵਧਾਵਾ ਸਿੰਘ ਜੀ ਹੁਣੀ ਉੱਥੇ ਤੱਦ।

**ਬਾਬਾ ਜੀ** : ਉੱਥੇ ਵਧਾਵਾ ਸਿੰਘ ਜੀ ਮਿਲੇ ਸੀ ਪਹਿਲਾਂ।

**ਸੇਵਾ ਸਿੰਘ ਜੀ**: ਉਹਦੀ ਖਬਰ ਲੈਣ ਆਉਂਦੇ ਸੀ?

**ਬਾਬਾ ਜੀ** : ਖਬਰ ਲੈਣ ਆਉਂਦੇ ਸੀ, ਇਨ੍ਹਾਂ ਦੇ ਵਾਕਫ ਸੀ। ਪਹਿਲਾਂ ਮੁਹੱਬਤ ਸੀ ਇਨ੍ਹਾਂ ਦੀ ਬੜੀ, ਤਾਂ ਬੀਮਾਰ ਦੀ ਖਬਰ ਲੈਣ ਆਉਂਦੇ ਸੀ।

**ਸੇਵਾ ਸਿੰਘ ਜੀ**: ਉਦੋਂ ਫੇਰ ਵਾਕਫੀਅਤ ਹੋਈ ਆ?

**ਬਾਬਾ ਜੀ** : ਹਾਂ, ਤਾਂ ਵਧਾਵਾ ਸਿੰਘ ਵਿੱਚ ਵੀ ਕਈ ਵਾਰ ਕਮੀ ਦੇਖੀ ਸੀ ਪਹਿਲਾਂ, ਏਥੋਂ ਫੇਰ ਜਿਸਲਾਂ ਰਾਜੀ ਹੋ ਗਏ ਤਾਂ ਦਿਲ ਚਿ ਨਿਹਚਾ ਪੱਕੀ ਹੋ ਗਈ, ਪਈ ਏਹ ਤਾਂ ਬਹੁਤ

ਬੜੀ ਚੀਜ ਹੈ ਬਾਣੀ। ਇਹ ਤਾਂ ਫਿਰ ਐਸਾ ਪ੍ਰੇਮ ਨਾਲ ਲੱਗਾ, ਬੱਸ ਫੇ ਵਧਦਾ ਈ ਚਲਿਆ ਗਿਆ। ਉੱਥੇ ਫੇ ਗੱਲ ਹੋਈ ਸੀ, ਇਨ ਮੈਨੂੰ ਪੁੱਛਿਆ ਸੀ ਇੱਕ ਵਾਰੀ, ਫਿਰ ਦੂਈ ਵਾਰੀ ਆਇਆਂ ਜਾਂ ਤੀਈ ਵਾਰੀ, ਮੈਨੂੰ ਕਹਿੰਦਾ ਪਈ ਜਿਹਦੇ ਕਰਮ ਦੇ ਵਿੱਚ ਕੁਛ ਨਾ ਹੋਵੇ।

**ਸੇਵਾ ਸਿੰਘ ਜੀ**: ਭਾਈ ਵਧਾਵਾ ਸਿੰਘ ਨੇ ਪੁੱਛਿਆ?

**ਬਾਬਾ ਜੀ** : ਹਾਂ ਜੀ! ਉਹ ਵੀ ਕੁਛ ਪ੍ਰਾਪਤੀ ਉਹਨੂੰ ਹੋ ਸਕਦੀ ਆ, ਤਾਂ ਮੈਂ ਕਿਹਾ ਕਿ ਤੂੰ ਤਾਂ ਕੋਈ ਖਿਆਲ ਈ ਨਾ ਕਰ, ਤੇਰੇ ਕਰਮਾਂ ਵਿਚ ਤਾਂ ਬਹੁਤ ਕੁਛ ਆ।

**ਸੇਵਾ ਸਿੰਘ ਜੀ**: ਤੁਸੀਂ ਉਹਨਾਂ ਨੂੰ ਕਿਹਾ?

**ਬਾਬਾ ਜੀ** : ਹਾਂ, ਪਈ ਤੈਨੂੰ ਤਾਂ ਕੋਈ ਚਿੰਤਾ ਨਹੀਂ, ਤਾਂ ਓ ਕੋਈ ਵੀ ਮਹਾਰਾਜ ਦਾ ਭਜਨ ਕਰੇ, ਬੰਦਗੀ ਕਰੇ ਉਹ ਨਾ ਵੀ ਕਰਮਾਂ ਵਿਚ ਹੋਵੇ ਤਾਂ ਮਹਾਰਾਜ ਜੀ ਕ੍ਰਿਪਾ ਕਰ ਦਿੰਦੇ ਆ, ਪ੍ਰੇਮ ਨਾਲ ਲੱਗ ਪਵੇ। ਉਹਨਾਂ ਨੇ ਫੇ ਕਿਹਾ ਪਈ ਮੈਨੂੰ ਚਾਲੀ ਦਿਨ ਮੂਲ ਮੰਤਰ ਦਾ ਪਾਠ ਕਰਾ ਦਿਉ ਕੋਲ ਹੋ ਕੇ, ਤਾਂ ਫੇ ਮੈਂ ਏਥੇ ਆ ਗਿਆ।

**ਸੇਵਾ ਸਿੰਘ ਜੀ**: ਕਿੱਥੇ ਜੀ ?

**ਬਾਬਾ ਜੀ** : ਛਾਉਣੀ।

**ਸੇਵਾ ਸਿੰਘ ਜੀ**: ਕਿਹੜੀ ਛਾਉਣੀ।

**ਬਾਬਾ ਜੀ** : ਸਦਰ ਦੇ, ਸਦਰ ਲਾਹੌਰ ਛਾਉਣੀ। ਸਦਰ ਦੇ ਵਿੱਚ ਲਿਆ ਸੀ ਮਕਾਨ, ਉੱਥੇ ਫੇ ਅਸੀਂ ਕਰਦੇ ਰਹੇ ਪਾਠ, ਦੋਨੋਂ ਜਾਣੇ ਇਕੱਠੇ ਈ, ਤੇ ਦਿਲ 'ਚ ਹੋਣੀ ਪਈ ਮਹਾਂਰਾਜ ਸਰਵ ਵਿਆਪਕ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਇੱਕ ਰੂਪ ਆ ਦਸਾਂ ਪਾਤਸ਼ਾਹੀਆਂ ਦੇ, ਕਿਸ ਤਰ੍ਹਾਂ ਸਮਝਿਆ ਜਾਏ? ਇਹ ਦਿਲ 'ਚ ਹੁੰਦੀ ਸੀ, ਫੇ ਇੱਕ ਦਿਨ ਮਹਾਰਾਜ ਦੇ ਦਰਸ਼ਨ ਕਰਨ ਜਾਂਦਾ ਸੀ ਤਾਂ।

**ਸੇਵਾ ਸਿੰਘ ਜੀ**: ਘਰ ਹੀ ਮਹਾਰਾਜ ਦਾ ਪ੍ਰਕਾਸ਼ ਹੁੰਦਾ ਸੀ?

**ਬਾਬਾ ਜੀ** : ਘਰ ਈ, ਘਰ ਹੀ ਪ੍ਰਕਾਸ਼ ਸੀ, ਤੇ ਫੇਰ, ਉਰਿਉਂ ਈ ਮਹਾਰਾਜ ਜੀ ਦੇ ਦਰਸ਼ਨ ਹੋਣ ਲੱਗ ਪਏ, ਨੌਂਮੇ ਪਾਤਸ਼ਾਹ ਦੇ ਦਰਸ਼ਣ ਹੋਏ, ਤੇ ਗੁਰੂ ਮਹਾਰਾਜ ਦਾ ਪਟਾਂ ਦੇ ਉੱਤੇ ਪ੍ਰਕਾਸ਼ ਆ, ਦੂਰੋਂ ਦੇਖਿਆ, ਜਿਉਂ ਜਿਉਂ ਲਾਗੇ ਹੁੰਦਾ ਗਿਆ ਤਿਉਂ ਤਿਉਂ ਮਹਾਰਾਜ ਵਿੱਚ ਸਮਾਉਂਦੇ ਗਏ, ਨੇੜੇ ਗਏ ਤਾਂ ਵਿੱਚੇ ਈ ਸਮਾਂ ਗਏ ਮਹਾਰਾਜ ਦੇ, ਤਾਂ ਇਹ ਦਿਖਾਲ ਦਿੱਤਾ ਪਈ ਐਦਾਂ ਆਂ ਅਸੀਂ ਸਾਰੇ।

**ਸੇਵਾ ਸਿੰਘ ਜੀ**: ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚੇ ਈ ਨੌਂਮੇ ਪਾਤਸ਼ਾਹ ਜੀ ਸਮਾਂ ਗਏ?

**ਬਾਬਾ ਜੀ** : ਹਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚੇ, ਵਿੱਚੇ ਈ ਮਹਾਰਾਜ ਜੀ ਸਮਾਂ ਗਏ।



ਬੱਸ ਫੇਰ ਇਹ ਕਰਕੇ, ਏਨਾਂ ਦਾ ਮੂਲ ਮੰਤਰ ਦਾ ਪਾਠ ਚਾਲੀ ਦਿਨ।

**ਸੇਵਾ ਸਿੰਘ ਜੀ**: ਉੱਥੇ ਕਿੰਨੇ ਕੁ ਚਿਰ ਰਹੇ, ਚਾਲੀ ਦਿਨ ਰਹੇ ਜੀ।

**ਬਾਬਾ ਜੀ** : ਚਾਲੀ ਦਿਨ ਜੀ, ਚਾਲੀ ਦਿਨ ਉਥੇ ਹੀ ਰਹੇ ਸੀ।

**ਸੇਵਾ ਸਿੰਘ ਜੀ**: ਅੱਛਾ ਜੀ, ਹਰ ਰੋਜ਼ ਕਿੰਨਾ ਕਰਦੇ ਸੀ ਪਾਠ ਜੀ।

**ਬਾਬਾ ਜੀ** : ਬੱਤੀ ਮਾਂਲਾ ਰੋਜ ਦੀਆਂ, ਬੱਤੀ ਮਾਂਲਾ ਮੈਂ ਕਰਨੀਆਂ ਬੱਤੀ ਓਨ, ਬੱਤੀ ਮਾਂਲਾ ਰੋਜ ਦੀਆਂ ਕਰੀਏ ਤਾਂ ਚਾਲੀਆਂ ਦਿਨਾਂ 'ਚ ਫੇ ਸਵਾ ਲੱਖ ਹੋ ਜਾਂਦਾ।

**ਸੇਵਾ ਸਿੰਘ ਜੀ**: ਅੱਛਾ ਜੀ, ਆਮ ਉਦੋਂ ਮਹਾਰਾਜ ਜੀ ਦੇ ਦਰਸ਼ਨ ਤੇ ਆਮ ਹੀ ਹੁੰਦੇ ਰਹਿੰਦੇ ਹੋਣੇ?

**ਬਾਬਾ ਜੀ** : ਹੁੰਦੇ ਰਹਿੰਦੇ ਸੀ, ਮਹਾਰਾਜ ਜੀ ਕ੍ਰਿਪਾ ਕਰ ਦਿੰਦੇ ਸੀ। ਬੱਸ ਫੇਰ, ਥੋੜਾ ਚਿਰਾਂ ਬਾਅਦ ਫਿਰ ਵਧਾਵਾ ਸਿੰਘ ਜੀ ਉੱਥੇ, ਅੰਮ੍ਰਿਤ ਛੱਕਣ ਚਲੇ ਗਏ, ਨਾਲ ਈ ਇਹਦੇ ਗੁਰਬਖਸ਼ ਸਿੰਘ ਜੀ ਪ੍ਰੋਫੈਸਰ।

**ਸੇਵਾ ਸਿੰਘ ਜੀ**: ਕਿੱਥੇ ਜੀ?

**ਬਾਬਾ ਜੀ** : ਅਨੰਦਪੁਰ ਸਾਹਿਬ।

**ਸੇਵਾ ਸਿੰਘ ਜੀ**: ਅੱਛਾ ਜੀ, ਫਿਰ ਇਥੋਂ ਛਾਉਣੀ ਤੋਂ ਬਾਅਦ ਤੁਸੀਂ ਅੰਨਦਪੁਰ ਸਾਹਿਬ ਚੱਲੇ ਗਏ?

**ਬਾਬਾ ਜੀ** : ਹਾਂ, ਅਨੰਦਪੁਰ ਸਾਹਿਬ ਚਲੇ ਗਏ।

**ਸੇਵਾ ਸਿੰਘ ਜੀ**: ਛਾਉਂਣੀ ਪਾਠ ਕਰਕੇ, ਸ਼ਬਦ ਦਾ?

**ਬਾਬਾ ਜੀ** : ਹਾਂ, ਕੁਛ ਦਿਨਾਂ ਬਾਅਦ, ਉੱਥੇ ਚਲੇ ਗਏ, ਤਾਂ ਇਹ ਫੇ ਉੱਥੇ ਅੰਮ੍ਰਿਤ ਛਕਣ ਗਏ, ਤਾਂ ਫਿਰ ਵਧਾਵਾ ਸਿੰਘ ਦੇ ਨਾਲ ਇਹ ਵੀ ਗੁਰਬਖਸ਼ ਸਿੰਘ ਵੀ ਤਿਆਰ ਹੋ ਗਿਆ। ਦੋਨੋਂ ਈ ਅੰਮ੍ਰਿਤ ਛਕਣ ਨੂੰ ਤਿਆਰ ਹੋ ਗਏ ਤਾਂ ਅਸੀ, ਫੇਰ, ਉਨ੍ਹਾਂ ਨੂੰ ਕਿਹਾ, ਕਮੇਟੀ ਆਲਿਆਂ ਨੂੰ ਪਈ ਸਾਡਾ ਇਕ ਸੰਤ ਵਿਚ ਰੱਖ ਲਉ, ਉਨੀਂ ਫੇ ਰੱਖ ਲਿਆ, ਸੰਤ ਹਰੀ ਸਿੰਘ ਉਨ੍ਹਾਂ ਦਾ ਨਾਂ ਸੀ, ਚੰਗੇ ਪ੍ਰੇਮੀ ਸੀ। ਉਹ ਅੰਮ੍ਰਿਤ ਤਿਆਰ ਕਰਦੇ ਸੀ, ਤਾਂ ਮੈਂ, ਬਾਹਰ ਪ੍ਰਕਰਮਾਂ ਦੇ ਵਿੱਚ ਲੰਮਾ ਪੈ ਗਿਆ, ਕੋਈ ਥੱਕਾ ਆ ਸੀ ਤਾਂ ਤੇ, ਅੱਖ ਲੱਗ ਗਈ ਤਾਂ ਦੋ ਸ਼ਹੀਦ, ਆਣ ਕੇ ਮੇਰੀਆਂ ਲੱਤਾਂ ਦੱਬਣ ਲਪ ਪਏ, ਤਾਂ ਮੈਂ ਉੱਠ ਕੇ ਬਹਿ ਗਿਆ, ਤੇ ਉੱਠ ਕੇ ਨਮਸਕਾਰ ਕੀਤੀ ਫਤਿਹ ਬੁਲਾਈ, ਤਾਂ ਮੈਂ ਕਿਹਾ ਤੁਸੀਂ ਇਹ ਕੀ ਕਰਨ ਲੱਗੇ ਕਹਿੰਦੇ ਤੂੰ ਥਕਾ ਆ ਸੀ ਤਾਂ ਕਰਕੇ, ਤੇਰੀਆਂ ਲੱਤਾ ਦੱਬਣ ਲਪ ਪਏ ਆਂ। ਮੈਂ ਕਿਹਾ ਪਈ ਓ ਕ੍ਰਿਪਾ ਕਰੋ, ਪਈ ਲੱਤਾਂ ਦੱਬਣ ਦੀ ਤਾਂ ਕੋਈ ਲੋੜ ਨਹੀਂ, ਤੇ ਉਸ ਦਿਨ ਤੋਂ

ਲੈ ਕੇ ਉਹ ਮੇਰੇ ਨਾਲ ਕਈ ਚਿਰ ਰਹੇ। ਸਰਗੋਧੇ ਵੀ ਮੈਂ ਰਿਹਾ, ਰੋਜ ਨਾਲ ਹੋਣਾ। ਇੱਕ ਦਿਨ ਫਿਰ ਗੱਲ ਪੁੱਛੀ ਤਾਂ ਉਨੀਂ ਦੱਸੀ ਨਾ, ਹੱਸ ਕੇ ਚੁੱਪ ਕਰ ਰਹੇ। ਮੈਂ ਆਖਿਆ ਪਈ ਤੁਸੀਂ ਫੇਰ ਮੈਨੂੰ ਦਰਸ਼ਨ ਈ ਨਾ ਦਿਆ ਕਰੋ ਪਈ ਮੇਰੇ ਕੋਲ ਕਾਹਨੂੰ ਰਹਿੰਨੇ ਜੇ ਤੁਸੀਂ।

**ਸੇਵਾ ਸਿੰਘ ਜੀ**: ਹਾਂ ਪਈ ਕੋਈ ਗੱਲ ਈ ਨਹੀਂ ਦੱਸਣੀ?

**ਬਾਬਾ ਜੀ** : ਗੱਲ ਨਹੀਂ ਦੱਸਣੀ, ਤੇ ਫੇਰ ਉਹ ਗੁਪਤ ਹੋ ਗਏ, ਰਹੇ ਤਾਂ ਫਿਰ ਵੀ ਨਾਲ, ਪਰ ਗੁਪਤ, ਏਸ ਤਰ੍ਹਾਂ।

**ਸੇਵਾ ਸਿੰਘ ਜੀ**: ਅੱਛਾ ਜੀ, ਉਹ ਫੇਰ ਨਾਲ ਰਹਿੰਦੇ ਰਹੇ?

**ਬਾਬਾ ਜੀ** : ਨਾਲ ਰਹਿੰਦੇ ਰਹੇ।

**ਸੇਵਾ ਸਿੰਘ ਜੀ**: ਫਿਰ ਅੰਮ੍ਰਿਤ ਛੱਕ ਕੇ ਭਾਈ ਵਧਾਵਾ ਸਿੰਘ ਹੁਣੀ ਵਾਪਸ ਆ ਗਏ?

**ਬਾਬਾ ਜੀ** : ਵਾਪਸ ਆ ਗਏ ਸੀ। ਬਾਅਦ ਵਿਚ ਸਾਨੂੰ, ਫਿਰ ਇਹ ਲੈਣ ਆਇਆ ਪਈ ਮੇਰੇ ਭਾਈ ਨੇ ਭਰਾਵਾਂ ਨੇ ਭੈਣਾਂ ਨੇ ਅੰਮ੍ਰਿਤ ਛਕਣਾ ਆਂ।

**ਸੇਵਾ ਸਿੰਘ ਜੀ**: ਅੱਛਾ ਜੀ, ਭਾਈ ਵਧਾਵਾ ਸਿੰਘ ਹੁਣੀ ਕਿਹਾ?

**ਬਾਬਾ ਜੀ** : ਹਾਂ ਜੀ, ਤੇ ਮੈਂ ਤਾਂ ਸੰਤ ਸਾਧੂ ਸਿੰਘ ਹੁਣੀ, ਇਕੱਠੇ ਈ ਫੇਰ ਇੱਥੇ ਨੂੰ ਆਏ।

**ਸੇਵਾ ਸਿੰਘ ਜੀ**: ਛਾਉਂਣੀ ਨੂੰ ਫੇਰ?

**ਬਾਬਾ ਜੀ** : ਹਾਂ, ਇਨ੍ਹਾਂ ਨੂੰ ਫੇਰ ਅੰਮ੍ਰਿਤ ਛਕਾਇਆ।

**ਸੇਵਾ ਸਿੰਘ ਜੀ**: ਉਦੋਂ ਕਿੰਨਿਆਂ ਜਾਣਿਆਂ ਨੇ ਛਕਿਆ ਅੰਮ੍ਰਿਤ ਜੀ?

**ਬਾਬਾ ਜੀ** : ਭਾਈ ਸ਼ੇਰ ਸਿੰਘ ਹੁਣੀ ਵੀ ਨਾਲ ਸੀ।

**ਸੇਵਾ ਸਿੰਘ ਜੀ**: ਭਾਈ ਸ਼ੇਰ ਸਿੰਘ ਹੁਣੀ ਕੌਣ ਸੀਗੇ ਜੀ?

**ਬਾਬਾ ਜੀ** : ਭਾਈ ਸ਼ੇਰ ਸਿੰਘ ਹੁਣੀ ਸੀ ਇਨ੍ਹਾਂ ਦੇ ਚਾਚਾ ਲੱਗਦਾ ਸੀ, ਆਪਣੇ ਸਾਧਾਰੋਂ।

**ਸੇਵਾ ਸਿੰਘ ਜੀ**: ਸਧਾਰ ਪਿੰਡ ਸੀ ਭਾਈ ਵਧਾਵਾ ਸਿੰਘ ਹੁਣਾ ਦਾ?

**ਬਾਬਾ ਜੀ** : ਹਾਂ ਸਧਾਰ ਪਿੰਡ ਸੀ।

**ਸੇਵਾ ਸਿੰਘ ਜੀ**: ਅੱਛਾ ਜੀ, ਏਹ ਵੀ ਸਧਾਰ ਦੇ ਸੀ?

**ਬਾਬਾ ਜੀ** : ਏਹ ਵੀ ਸਧਾਰ ਦੇ ਸੀ, ਤੇ ਚਾਚੇ ਇਨ੍ਹਾਂ ਦੇ ਲੱਗਦੇ ਸੀ, ਤਾਂ ਮੁਹੱਬਤ ਪਿਆਰ ਇਨ੍ਹਾਂ ਦਾ ਓਦਾਂ ਬਹੁਤ ਸੀ ਪਹਿਲਾਂ ਈ, ਸ਼ੇਰ ਸਿੰਘ ਹੁਣੀ ਬੀਮਾਰ ਸੀ, ਉਹ ਬੀਮਾਰ ਬਹੁਤ ਚਿਰ ਰਹੇ, ਬਹੁਤਾ ਚਿਰ ਰਹੇ, ਰਾਜੀ ਕਿਸੇ ਤਰ੍ਹਾਂ ਹੋਣ ਨਾ, ਤਾਂ ਫੇਰ, ਏਨੀਂ ਆਖਿਆ ਪਈ ਖਰੇ ਆ ਅੰਮ੍ਰਿਤ ਛੱਕਣ ਤੇ ਈ ਮਹਾਂਰਾਜ ਕ੍ਰਿਪਾ ਕਰ ਦਊ। ਉਹ



ਅਵਤਾਰ ਸਿੰਘ ਰਾਜੀ ਹੋ ਗਿਆ ਸੀ ਨਾਂ, ਇਨ੍ਹਾਂ ਨੂੰ ਆਸ ਸੀ ਪਈ ਇਹ ਵੀ ਸ਼ਾਇਤ ਹੋ ਜਾਏ। ਉੱਥੇ ਗਿਆ ਤਾਂ ਭਾਈ ਸ਼ੇਰ ਸਿੰਘ ਹੁਣੀ ਗਏ ਤਾਂ ਮੈਂ ਰਾਤ ਨੂੰ ਪੁੱਛਿਆ ਪਈ ਤੁਸੀਂ ਕੋਈ ਪੜ੍ਹੇ ਹੋਏ ਵੀ ਆਂ? ਇਹ ਕਹਿੰਦੇ ਪਈ ਮੈਂ ਪੜ੍ਹਿਆ ਆ ਤਾਂ ਹੈ ਨਹੀਂ, ਮੈਂ ਕਿਹਾ ਬਾਣੀ ਕੰਠ, ਕਹਿੰਦੇ ਬਾਣੀ ਪਹਿਲੀ ਪਉੜੀ ਕੰਠ ਆ, ਹੋਰ ਮੇਰੇ ਕੋਲ ਕੁਛ ਹੈ ਨਹੀਂ, ਤਾਂ ਮੈਂ ਕਿਹਾ ਅੱਛਾ ਕੋਈ ਨਹੀਂ ਪਹਿਲੀ ਪਉੜੀ ਹੈ ਨਾ, ਫੇਰ ਏਨ ਅੰਮ੍ਰਿਤ ਛੱਕ ਲਿਆ ਤਾਂ ਮੈਂ ਇਨ੍ਹਾਂ ਨੂੰ ਕਿਹਾ ਪਈ ਤੁਸੀਂ ਏਂਦਾਂ ਕਰਿਓ ਜਿੰਨੀ ਤੁਹਾਡੀ ਹਿੰਮਤ ਹੋਵੇ ਸਰੀਰ ਤਕੜਾ ਨਹੀਂ, ਤੇ ਰੋਜ ਪਹਿਲੀ ਪਉੜੀ ਦਾ ਪਾਠ ਕਰੋ, ਤੇ ਸਧਾਰ, ਆਪਣੇ ਗੁਰਦਵਾਰੇ ਜਾ ਕੇ ਝਾੜੂ ਦਿਆ ਕਰੋ, ਏਨੀ ਫਿਰ ਜਾ ਕੇ ਨਿਯਮ ਬੰਨ੍ਹ ਲਿਆ ਤੇ ਰੋਜ ਝਾੜੂ ਦੇਣਾ, ਉਹ ਦਿੰਦੇ ਤਾਂ ਫੇਰ ਇਹ ਗੱਲ ਇਨ ਦੇਖ ਲਈ ਪਈ ਮੇਤੋਂ ਪਹਿਲਾਂ ਵੀ ਦੇਣ ਆਲੇ ਆ ਜਾਂਦੇ ਆ, ਫੇਰ ਏਹਦੇ ਨਾਲੋਂ ਹਨ੍ਹੇਰੇ, ਸਭਨਾਂ ਨਾਲੋਂ ਪਹਿਲਾਂ ਜਾਣ ਲੱਪ ਪਏ। ਪਹਿਲਾਂ ਝਾੜੂ ਦੇ ਕੇ ਤਾਂ ਓਥੇ ਕੌਲੇ ਸੀਗੇ ਵਿਚ ਉਹਦੇ ਗੁਰਦੁਵਾਰੇ ਦੇ, ਉਹਦੇ ਨਾਲ ਬਹਿ ਕੇ ਆਪਣਾ ਮੂਲ ਮੰਤਰ ਦਾ ਪਾਠ ਕਰਨਾ। ਪਰ ਟਿਕੇ ਰਹੇ ਫਿਰ ਕਹਿੰਦਾ ਮਹਾਰਾਜ ਦੀ ਕ੍ਰਿਪਾ ਹੋ ਗਈ, ਤਾਂ ਉਹ ਬਾਹਰ ਲੰਮੇਂ ਪਏ ਤਾਂ ਬਾਹਰ ਸ਼ਹੀਦਾਂ ਦੀ ਜਗ੍ਹਾ ਸੀ ਏਨਾਂ ਦੇ ਖੂਹ ਦੇ ਲਾਗੇ, ਓਥੇ ਲੰਮੇਂ ਪੈਣਾ, ਦਿਨੇ, ਤੇ ਫੇ ਉਹ ਲੰਮੇਂ ਪਏ ਨੂੰ, ਦਸਮੇਂ ਪਾਤਸ਼ਾਹ ਦੇ ਦਰਸ਼ਨ ਹੋਏ, ਫੇਰ ਉਹਨੀਂ ਕਿਹਾ ਭਾਈ ਸ਼ੇਰ ਸਿੰਘ! ਤੂੰ ਉੱਥੇ ਨੂੰ ਜਾਹ, ਕੀ ਪਿੰਡ ਦਾ ਨਾਂ ਆ ਲੁਧਿਆਣੇ ਨੂੰ ਜਾਹ।

**ਸੇਵਾ ਸਿੰਘ ਜੀ**: ਮਹਾਰਾਜ ਨੇ ਕਿਹਾ?

**ਬਾਬਾ ਜੀ** : ਮਹਾਰਾਜ ਨੇ ਕਿਹਾ ਲੁਧਿਆਣੇ ਨੂੰ ਜਾਹ ਓਥੇ ਤੈਨੂੰ ਹਰਨਾਮ ਸਿੰਘ ਨਾਂ ਦਾ ਸੀ ਕੋਈ ਸੰਤ, ਉਨ ਤੈਨੂੰ ਦੁਆ ਉਨ ਨਹੀਂ ਦੇਣੀ ਤੇ ਲੱਸੀ ਚਿ ਪਾ ਕੇ ਤਾਂ ਉਹ ਤੇਰੀ ਕੱਢ ਦੇਣੀ ਅੰਦਰ ਜਿਹੜੀ ਕਸਰ ਆ, ਤੇ ਏਨ ਫੇਰ ਮੂੰਹ ਨੰਗਾ ਕੀਤਾ ਤਾਂ ਦਿੱਸਿਆ ਕੁਛ ਨਾ। ਇਹ ਕਹਿੰਦਾ ਮਹਾਰਾਜ ਜੀ ਜੇ ਤੁਸੀਂ ਕਿਹਾ ਤਾਂ ਫੇ ਮੈਨੂੰ ਇਕ ਵਾਰੀ ਫੇ ਦਰਸ਼ਨ ਦਿਉ ਏਦਾਂ ਕਹਿ ਕੇ ਤਾਂ ਮੂੰਹ ਢਕ ਲਿਆ, ਫੇਰ ਮਹਾਰਾਜ ਜੀ ਦੇ ਦਰਸ਼ਨ ਹੋਏ, ਫੇ ਮਹਾਰਾਜ ਨੇ ਇਹ ਗੱਲ ਕਹੀ, ਤਾਂ ਫੇ ਉਨ੍ਹਾਂ ਦਾ ਕੋਈ ਸੀਗਾ ਜਾਣੂੰ ਸੰਤਾਂ ਦਾ, ਤੇ ਉਹਨੂੰ ਨਾਲ ਲੈ ਕੇ ਫਿਰ ਓਹੋ ਆਏ ਏਥੇ।

**ਸੇਵਾ ਸਿੰਘ ਜੀ**: ਕਿਹੜੇ ਸੰਤਾਂ ਦਾ ਜਾਣੂੰ ਸੀ ਜੀ?

**ਬਾਬਾ ਜੀ** : ਹਰਨਾਮ ਸਿੰਘ ਦਾ, ਜਿਹੜਾ ਏਥੇ ਸੀ ਨਾ ਓਥੇ ਲੁਧਿਆਣੇ ਉਹਦਾ। ਏਥੇ ਆਏ ਆਣ ਕੇ ਦੇਖਿਆ, ਹਕੀਮ ਤਕੜਾ ਸੀ, ਤੇ ਓਂ ਮੰਤਰਾਂ-ਜੰਤਰਾਂ ਦਾ ਵੀ ਤਕੜਾ ਜਾਣੂੰ ਸੀ ਤਾਂ ਗੁਰੂ ਮਹਾਰਾਜ ਵੀ ਰੱਖੇ ਏ ਸੀ। ਉਨ ਫੇਰ ਕੋਈ ਦੂਆ ਪਾਈ ਹੋਊ ਜਾਂ ਮਹਾਰਾਜ ਜਾਣੇ, ਲਸੀ ਨਾਲ ਦੁਆ ਦਿੱਤੀ, ਉਹਦੇ ਨਾਲ ਉਲਟੀਆਂ ਆਉਣ ਲੱਪ

ਪਈਆਂ, ਲੱਪ ਪਈਆਂ ਤਾਂ ਉਲਟੀਆਂ ਕਿਸੇ ਬਰਤਨ ਵਿਚ ਪਾਉਂਦੇ ਰਹੇ, ਤੇ ਵਿੱਚੋਂ ਫਿਰ ਪਾਣੀ ਡੋਹਲਿਆ ਤਾਂ ਪਾਰਾ ਨਿਕਲਿਆ ਉਹਦੇ ਵਿੱਚੋਂ। ਉਹ ਪਾਰਾ ਕਿੰਨੇ ਖੁਲਾਇਆ ਸੀ, ਬੱਸ ਫੇ ਓਦਣ ਤੋਂ ਲੈ ਕੇ ਓਹ ਰਾਜੀ ਹੋ ਗਏ, ਤਾਂ ਓਧਰੋਂ ਫੇ ਟਿਕਦੇ ਗਏ ਮਹਾਰਾਜ ਦੇ ਨਾਲ, ਪਿਆਰ ਬਣਦਾ ਗਿਆ, ਤੇ ਇੱਕ ਦਿਨ ਕੁਦਰਤ ਮਹਾਰਾਜ ਦੀ ਐਸੀ ਹੋਈ, ਉਹ ਜਿੰਦਾ ਗੁਆਚ ਗਿਆ, ਜਿੱਥੇ ਰੁਮਾਲੇ ਸੀ।

**ਸੇਵਾ ਸਿੰਘ ਜੀ**: ਗੁਰਦਵਾਰੇ ਦਾ?

**ਬਾਬਾ ਜੀ** : ਗੁਰਦਵਾਰੇ ਮਹਾਂਰਾਜ ਦੀ ਅਲਮਾਰੀ ਦਾ, ਤੇ ਉਹ ਫੇਰ ਕਹਿੰਦੇ ਉਨ੍ਹਾਂ ਲੋਕਾਂ ਨੂੰ ਪਈ ਨਹੀਂ ਲਭਦਾ ਤਾਂ ਤੁਸੀਂ ਅਰਦਾਸ ਕਰੋ ਮਹਾਰਾਜ ਦੇ ਅੱਗੇ।

**ਸੇਵਾ ਸਿੰਘ ਜੀ**: ਅੱਛਾ ! ਏਨਾਂ ਭਰੋਸਾ ਹੋ ਗਿਆ ਸੀ?

**ਬਾਬਾ ਜੀ** : ਹਾਂ ਜੀ! ਪਈ ਮਹਾਰਾਜ ਕ੍ਰਿਪਾ ਕਰੇ ਤਾਂ ਜਿੰਦਾ ਖੁਲ੍ਹ ਜਾਏ ,ਤੇ ਸੰਗਤ ਨੇ ਕਿਹਾ ਪਈ ਤੁਸੀਂ ਅਰਦਾਸ ਕਰੋ । ਏਨੀ ਅਰਦਾਸ ਬੇਨਤੀ ਕੀਤੀ ਮਹਾਂਰਾਜ ਅੱਗੇ , ਤਾਂ ਜਿੰਦੇ ਨੂੰ ਹੱਥ ਲਾਇਆ ਤਾਂ ਜਿੰਦਾ ਖੁੱਲ੍ਹ ਗਿਆ । ਉਹ ਐਸੀ ਕ੍ਰਿਪਾ ਹੋਈ ਜਿੰਦਾ ਖੁੱਲਣ ਦੇ ਨਾਲ , ਏਹਦਾ ਆਪਣਾ ਈ ਜਿੰਦਾ ਖੁੱਲ੍ਹ ਗਿਆ ।

**ਸੇਵਾ ਸਿੰਘ ਜੀ**: ਦ੍ਰਿੜਤਾ ਹੋ ਗਈ ?

**ਬਾਬਾ ਜੀ** : ਐਸੀ ਦ੍ਰਿੜਤਾ ਹੋਈ ਬੱਸ ਫੇ ਪ੍ਰਕਾਸ਼ ਹੋ ਗਿਆ , ਗਹਾਂ -ਗਹਾਂ ਮਹਾਰਾਜ ਜੀ ਨੇ ਸੋਝੀ ਦੇ ਤੀ ਅੰਤਰਯਾਮਤਾ ਹੋ ਗਈ, ਫੇ ਤਾਂ ਬੜਿਆਂ ਚਿ ਹੋ ਗਏ, ਮਹਾਰਾਜ ਦੀ ਕ੍ਰਿਪਾ ਹੋ ਗਈ।

**ਸੇਵਾ ਸਿੰਘ ਜੀ**: ਏਨਾਂ ਨੇ ਲਾਹੌਰ ਦਾ ਅੰਮ੍ਰਿਤ ਛਕਿਆ ਸੀ?

**ਬਾਬਾ ਜੀ** : ਹਾਂ, ਲਾਹੌਰ ਅੰਮ੍ਰਿਤ ਛਕਿਆ ਸੀ।

**ਸੇਵਾ ਸਿੰਘ ਜੀ**: ਇਹ ਫੇਰ ਗੱਲਾਂ ਜਿਹੜੀਆਂ ਬਾਅਦ ਵਿੱਚ ਤੁਸੀਂ ਦੱਸੀ ਇਹ ਅੰਮ੍ਰਿਤ ਛਕਣ ਤੋਂ ਬਾਅਦ ਦੀਆਂ ਗੱਲਾਂ?

**ਬਾਬਾ ਜੀ** : ਬਾਅਦ ਦੀਆ, ਬਾਅਦ ਦੀਆਂ, ਸਾਰੀਆਂ ਬਾਅਦ ਦੀਆਂ।

**ਸੇਵਾ ਸਿੰਘ ਜੀ**: ਅੱਛਾ ਜੀ! ਏਥੇ ਫੇਰ ਭਾਈ ਵਧਾਵਾ ਸਿੰਘ ਹੁਣਾਂ ਦੇ ਭਰਾਵਾਂ ਨੇ ਵੀ ਅੰਮ੍ਰਿਤ ਛਕਿਆ ਸੀ ਹੋਰ ?

**ਬਾਬਾ ਜੀ** : ਹਾਂ! ਭਰਾਵਾਂ ਨੇ ਕੋਈ ਹੋਰ ਵੀ ਸੀ ਉੱਥੇ ਸੰਗਤ, ਪੰਜ ਸੱਤ ਸੀ, ਕੁਝ ਬੀਬੀਆਂ ਵੀ ਸੀ।

**ਸੇਵਾ ਸਿੰਘ ਜੀ**: ਭਾਈ ਵਧਾਵਾ ਸਿੰਘ ਹੁਣੀ ਤਾਂ ਪਹਿਲਾਂ ਈ ਅੰਮ੍ਰਿਤ ਛਕਿਆ ਸੀ ਉਦੋਂ,



ਹੈਂ ਜੀ, ਉਹਤੋਂ ਬਾਅਦ ਫਿਰ ਪਾਠ, ਸਾਧਨ ਬਗੈਰਾ ਕਰਦੇ ਰਹੇ ਹੋਣੇ ਘਰ ਈ?

**ਬਾਬਾ ਜੀ** : .................ਹੋ ਗਿਆ ਤਾਂ ਪਾਸ ਕਰ ਲਿਆ ਸੀ, ਬੀ.ਏ.।

**ਸੇਵਾ ਸਿੰਘ ਜੀ** : ਬੀ.ਏ. 'ਚ ਪੜਦੇ ਹੁੰਦੇ ਸੀ ਉਦੋਂ?

**ਬਾਬਾ ਜੀ** : ਹਾਂ, ਬੀ.ਏ. ਜੱਦ ਕਰ ਲਿਆ ਤਾਂ ਫੇ ਏਨਾ ਆਪਣੇ ਪਿਤਾ ਜੀ ਨੂੰ ਕਿਹਾ ਪਈ ਮੈਂ, ਹੁਣ ਕੁਝ ਚਿਰ ਭਜਨ ਬੰਦਗੀ ਕਰਕੇ ਤਾਂ ਫੇਰ ਕੋਈ ਨੌਕਰੀ ਕਰਾਂਗਾ, ਤਾਂ ਵਿਆਹ ਵੀ ਬਾਅਦ ਵਿੱਚ ਕਰਨਾ ਹਾਲੀ ਕੁਛ ਨਹੀਂ ਕਰਨਾ, ਤੇ ਸੱਤ ਸਾਲ ਲਗਾਤਾਰ ਏਨ ਭਜਨ ਬੰਦਗੀ ਕੀਤੀ, ਫੇ ਮਹਾਰਾਜ ਦੀ ਕ੍ਰਿਪਾ ਹੋ ਗਈ, ਫੇ ਵਿਆਹ ਹੋ ਗਿਆ, ਮਹਾਰਾਜ ਨੇ ਕ੍ਰਿਪਾ ਕੀਤੀ, ਉਹ ਘਰੋਂ ਜਿਹੜੀ ਬੀਬੀ, ਉਹ ਵੀ ਬੜੇ, ਸੱਤ ਸੰਤੋਖ ਵਾਲੀ ਮਿਲੀ ਤਾਂ ਉਹਦੇ ਤੇ ਵੀ ਮਹਾਰਾਜ ਨੇ ਕ੍ਰਿਪਾ ਕਰ ਦਿੱਤੀ, ਉਹਨੂੰ ਵੀ ਨਾਲ ਈ ਸੋਝੀ ਬਖਸ਼ ਦਿੱਤੀ, ਹੁਣ ਤਾਂ ਮਹਾਂਰਾਜ ਦੀ ਬੜੀ ਕ੍ਰਿਪਾ ਆ ਪਈ ਉਹ।

**ਸੇਵਾ ਸਿੰਘ ਜੀ**: ਹੁਣ ਤਾਂ ਬੜੇ ਤਕੜੇ ਸੱਤਪੁਰਖ ਹਨ?

**ਬਾਬਾ ਜੀ** : ...........ਸੱਤ ਪੁਰਖ ਹੋ ਗਏ ਜੀ, ਐਸਲੇ, ਮਹਾਰਾਜ ਦੀ ਕ੍ਰਿਪਾ, ਪਰਮ ਪਦ ਦੇ।

**ਸੇਵਾ ਸਿੰਘ ਜੀ**: ਓਥੋਂ ਫਿਰ ਅੰਮ੍ਰਿਤ ਛਕਾ ਕੇ ਤੁਸੀਂ ਫਿਰ ਵਾਪਸ ਆ ਗਏ, ਸਰਗੋਧੇ ਜੀ?

**ਬਾਬਾ ਜੀ** : ਅਸੀਂ ਸਰਗੋਧੇ ਆ ਗਏ, ਸਰਗੋਧਿਓਂ ਫੇਰ ਕੁਝ ਚਿਰ ਰਹਿ ਕੇ ਤਾਂ ਫਿਰ, ਗਏ, ਆਂ, ਧੌਲਪੁਰ ਰਿਆਸਤ ਦੇ ਵਿੱਚ, ਕਰੇਰੂਏ ਪਿੰਡ, ਉੱਥੇ ਅੱਗੇ ਵੀ ਸੀਗੇ ਧੁੱਗਿਆਂ ਦੀ ਸੰਗਤ।

**ਸੇਵਾ ਸਿੰਘ ਜੀ**: ਇਹ ਕਰੇਰੂਆ ਧੌਲਪੁਰ ਵਿਚ ਆ ਜੀ?

**ਬਾਬਾ ਜੀ** : ਧੌਲਪੁਰ 'ਚ।

**ਸੇਵਾ ਸਿੰਘ ਜੀ**: ਉੱਥੇ ਤੁਸੀਂ ਕਿੱਦਾਂ ਗਏ ਆਂ, ਜ਼ਮੀਨ ਖਰੀਦੀ ਸੀ ਜੀ?

**ਬਾਬਾ ਜੀ** : ਜਮੀਨ ਖਰੀਦੀ ਸੀ ਪਹਿਲਾਂ ਈ।

**ਸੇਵਾ ਸਿੰਘ ਜੀ**: ਕਿੰਨੀ ਜਮੀਨ ਖਰੀਦੀ ਸੀ।

**ਬਾਬਾ ਜੀ** : ਦੋ ਮੁਰੱਬੇ ਸੀ, ਪੈਂਤੀ ਘੁਮਾਂ ਦਾ ਮੁਰੱਬਾ ਸੀ, ਦੋ ਮੁਰੱਬੇ ਸੱਤਰ ਘੁਮਾਂ ਜਮੀਨ ਸੀ।

**ਸੇਵਾ ਸਿੰਘ ਜੀ**: ਏਹਦੀ ਸੰਭਾਲ ਕਰਨ ਵਾਸਤੇ ਤੁਸੀਂ ਉੱਥੇ ?

**ਬਾਬਾ ਜੀ** : ਉਹਦੀ ਸੰਭਾਲ ਕਰਨ ਵਾਸਤੇ ਉੱਥੇ ਗਏ ਸੀ।

**ਸੇਵਾ ਸਿੰਘ ਜੀ**: ਅੱਛਾ ਜੀ, ਕੱਲੇ ਈ ਆਏ ਸੀ ਪਹਿਲਾਂ?

**ਬਾਬਾ ਜੀ** : ਕੱਲੇ ਈ।

**ਸੇਵਾ ਸਿੰਘ ਜੀ**: ਬਾਕੀ ਭਾਈ ਸਾਹਿਬ ਜੀ ਓਥੇ ਰਹਿੰਦੇ ਸੀ ਸਰਗੋਧੇ?

**ਬਾਬਾ ਜੀ** : ਸਰਗੋਧੇ ਈ, ਫੇਰ ਓਥੇ ਕਰਦੇ ਰਹੇ........।

**ਸੇਵਾ ਸਿੰਘ ਜੀ**: ਸਗਗੋਧੇ ਤੁਸੀਂ ਕਿੰਨਾ ਕੁ ਚਿਰ ਰਹੇ ਸੀ ?

**ਬਾਬਾ ਜੀ** : ਤੀਹ ਸਾਲ।

**ਸੇਵਾ ਸਿੰਘ ਜੀ**: ਤੀਹ ਸਾਲ ਰਹੇ ਓਥੇ?

**ਬਾਬਾ ਜੀ** : ਤੀਹ ਸਾਲ ਸਰਗੋਧੇ ਰਿਹਾ ਆਂ।

**ਸੇਵਾ ਸਿੰਘ ਜੀ**: ਇਹਤੋਂ ਬਾਅਦ ਤੁਸੀਂ ਫੇਰ ਆਪਣੇ ਧੌਲਪੁਰ ਆ ਗਏ?

**ਬਾਬਾ ਜੀ** : ਧੌਲਪੁਰ ਆ ਗਏ।

**ਸੇਵਾ ਸਿੰਘ ਜੀ**: ਉੱਥੇ ਫਿਰ ਕਿਸ ਤਰ੍ਹਾਂ ਦੇ ਲੋਕ ਸੀ? ਕਿੱਦਾਂ ਉੱਥੇ ਰਹਿੰਦੇ ਸੀ?

**ਬਾਬਾ ਜੀ** : ਧੌਲਪੁਰ ਰਹਿੰਦੇ, ਜਿਹੜੇ ਏਧਰੋਂ ਸਾਡੇ ਗਏ ਏ ਸੀ, ਇਹ ਆਮ ਈ ਓਥੇ ਮਾਸ ਖਾਣਾ ਬਹੁਤ, ਓਥੇ ਸੀਗੇ ਸੂਰ, ਹਰਨ ਬੜੇ, ਤੇ ਸਾਰੇ ਖਾਂਦੇ ਸੀ, ਮਾਰਦੇ ਸੀ।

**ਸੇਵਾ ਸਿੰਘ ਜੀ**: ਜੰਗਲੀ ਇਲਾਕਾ ਹੋਣਾ ਨਾ ਜੀ?

**ਬਾਬਾ ਜੀ** : ਬਹੁਤ ਜੰਗਲੀ ਇਲਾਕਾ ਸੀ ਤਾਂ ਬਹੁਤੇ ਹੀ ਜਾਨਵਰ ਸੀ, ਤੇ ਉਹ ਸ਼ਰਾਬਾਂ ਵੀ ਪੀਣ ਲੱਪ ਪਏ ਉੱਥੇ, ਤੇ ਰਾਜਾ ਉਦੋਂ ਸਖਤੀ ਕਰਦਾ ਸੀ, ਤੇ ਲੋਕ ਵੀ ਬੜੇ ਭੈ ਰੱਖਦੇ ਸੀ, ਤੇ ਫੇਰ, ਮੈਂ ਦੇਖਿਆ, ਮੈਂ ਦੇਖਿਆ ਪਈ ਇਹਤਾਂ ਬੜਾ ਮਾੜਾ ਕੰਮ ਆ ਸ਼ਰਾਬ ਪੀਣੀ ਆ ਬਹੁਤ ਮਾੜਾ ਕੰਮ ਆ, ਤੇ ਏਨ ਇਹਨਾਂ ਨੂੰ ਸਿੱਟ ਦੇਣਾ, ਤੇ ਜਿਹਲੇ ਏਹਦੇ ਰਾਜੇ ਦੀ ਨਿਗਾ ਚਿ ਚਲੇ ਗਏ ਤਾਂ ਸਾਰੇ ਲੋਕਾਂ ਦੇ ਪਿੱਛਾਂ ਪੈ ਜਾਣਗੇ। ਫਿਰ ਮੈ, ਸਿਆਣੇ ਆਂਦਮੀ ਜਿਹੜੇ ਸੀ, ਉਨ੍ਹਾਂ ਨੂੰ ਹੌਲੀ-ਹੌਲੀ ਕਹਿਣਾ ਸ਼ੁਰੂ ਕੀਤਾ,ਇਹ ਮਾੜਾ ਕੰਮ ਆ, ਤੇ ਕੁਦਰਤੀ ਤੁਰਿਆ ਜਾਂਦਾ ਸੀ ਬਾਹਰ ਸੈਰ ਕਰਨ, ਤੇ ਉਹਨਾਂ ਦੇ ਮੁੰਡੇ ਸ਼ਰਾਬ ਕੱਢਦੇ ਸੀ, ਕੱਢਦੇ ਮੈਂ ਦੇਖ ਤਾਂ ਲਏ, ਉਹ ਉਰਾਂ ਆਣ ਕੇ ਮਿਲ ਪਏ, ਮਿਲ ਪਏ ਫਤਿਹ ਬੁਲਾਈ, ਤਾਂ ਮੈਂ ਉਹ ਐਉਂ ਕਰ ਦਿੱਤਾ, ਉਹਨਾਂ ਨੂੰ ਐਸਾ ਉਹਨੀ ਮੰਨਿਆ ਉਹਨਾਂ ਤੇ ਬੜਾ ਈ ਪ੍ਰਭਾਵ ਪਿਆ ਪਈ ਮਾੜੀ ਗੱਲ ਹੋਈ ਪਈ ਏਨ ਦੇਖ ਲਿਆ ਸਾਨੂੰ, ਤਾਂ ਮੈਂ ਕਿਹਾ ਪਈ ਏਹਨੀ ਮੰਨ ਤਾਂ ਲਿਆ ਤਾਂ ਮੈਂ ਜਾਹਰ ਨਹੀਂ ਕੀਤੀ ਗੱਲ ਪਈ ਮੈਂ ਦੇਖ ਲਿਆ ਕੁਛ, ਓਨਾਂ ਨਾਲ ਗੱਲਬਾਤ ਕਰਕੇ ਤਾਂ, ਮੁੜ ਆਇਆ, ਆਣ ਕੇ ਫੇਰ ਮੈਂ ਹੋਰ ਜੋਰ ਲਾਉਣਾ ਸ਼ੁਰੂ ਕਰ ਦਿੱਤਾ, ਮਹਾਰਾਜ ਦੀਆਂ ਗਾਥਾਂ, ਸਾਖੀਆਂ, ਵਿਚਾਰਾਂ ਸੁਨਾਉਣੀਆਂ, ਫਿਰ ਗੁਰੂ ਮਹਾਰਾਜ ਜੀ ਓਥੇ ਲੈ ਗਏ ਸੀ, ਉਨ੍ਹਾਂ ਦੀ ਸੇਵਾ ਮੈਂ ਕਰਦਾ ਹੁੰਦਾ ਸੀ, ਫੇਰ



ਰੋਜ ਏਨੀ ਦਰਸ਼ਨ ਕਰਨ ਆਲੇ, ਜਿਹੜੇ ਏਨਾਂ ਸੰਗਤ ਨੂੰ ਪ੍ਰੇਮ ਬਣ ਗਿਆ ਸੀ, ਪਈ ਹੱਲ ਛੱਡ ਕੇ ਆ ਜਾਂਦੇ ਹੁੰਦੇ ਸੀ ਵਾਕ ਸੁਨਣ ਨੂੰ ਮਹਾਰਾਜ ਦਾ, ਪਰ ਫੇ ਹੌਲੀ ਹੌਲੀ, ਮਾਸ ਬਾਰੇ ਮੈਂ ਕਦੇ ਨਹੀਂ ਕੁਛ ਕਿਹਾ। ਉਹ ਐਸੀ ਕੁਦਰਤ ਮਹਾਰਾਜ ਦੀ, ਮਾਸ, ਸ਼ਰਾਬ ਵੀ ਛੱਡ ਗਏ, ਮਾਸ ਵੀ ਛੱਡ ਗਏ ਤਾਂ ਫਿਰ ਕਾਫ਼ੀ ਸੰਗਤ ਨੇ ਅੰਮ੍ਰਿਤ ਛਕਿਆ, ਚੰਗੇ ਪ੍ਰੇਮੀ ਹੋ ਗਏ ਤਾਂ ਬੱਚੇ ਵੀ, ਸਿਆਣੇ ਵੀ, ਬੀਬੀਆਂ ਵੀ ਸਭ ਫਤਿਹ ਬੁਲਾਉਂਦੇ ਸੀ, ਮਗਰੋਂ ਫੇਰ ਸੰਤ ਜੀ ਚਲੇ ਗਏ।

**ਸੇਵਾ ਸਿੰਘ ਜੀ**: ਸੰਤ ਸਾਧੂ ਸਿੰਘ ਹੁਣੀ ਜੀ?

**ਬਾਬਾ ਜੀ** : ਸਾਧੂ ਸਿੰਘ ਹੁਣੀ, ਸਾਧੂ ਸਿੰਘ ਚਲੇ ਗਏ ਕੁਝ ਦਿਨ ਅਸੀਂ ਫੇ ਇਕੱਠੇ ਰਹੇ, ਫੇਰ ਉਹ ਸੰਤ ਹੁਣ ਜੁ ਉੱਥੇ ਹੈਗਾ ਮੌਲਾ, ਓਨ ਚਿੱਠੀ ਪਾਈ ਪਈ ਜੇ ਮੈਨੂੰ ਕਹੋ ਤਾਂ ਮੈਂ ਆ ਜਾਵਾਂ।

**ਸੇਵਾ ਸਿੰਘ ਜੀ**: ਇਹ ਕਿੱਥੇ ਰਹਿੰਦਾ ਸੀ, ਮੌਲਾ ਜੀ?

**ਬਾਬਾ ਜੀ** : ਏਹ ਏਥੇ ਰਹਿੰਦਾ ਸੀ, ਅਨੰਦਪੁਰ ਸਾਹਿਬ।

**ਸੇਵਾ ਸਿੰਘ ਜੀ**: ਅਨੰਦਪੁਰ ਸਾਹਿਬ? ਅੱਛਾ ਜੀ।

**ਬਾਬਾ ਜੀ** : ਏਥੋਂ ਮੈਂ ਕਿਹਾ ਸੱਦ ਲਓ ਜੇ ਚੰਗਾ ਪ੍ਰੇਮੀ ਆ ਤਾਂ, ਓਥੇ ਗਿਆ, ਤਾਂ ਕੋਈ ਦਿਹਾੜੀ ਡੰਗ ਈ ਮੈਂ ਰਿਹਾ। ਮੈਨੂੰ ਏਧਰ ਕੋਈ ਕੰਮ ਸੀ, ਮੈਂ ਏਧਰ ਆ ਗਿਆ। ਏਧਰ ਆ ਗਿਆ ਤਾਂ, ਉਹ ਐਸਾ ਮਹਾਂਰਾਜ ਦੀ ਕੁਦਰਤ ਬਣੀ, ਮੇਰਾ ਜਾਣ ਦਾ ਈ ਸਬੱਬ ਨਾ ਬਣਿਆ, ਕਈ ਵਾਰੀ ਮੈਂ ਤਿਆਰ ਹੋਇਆ ਵੀ ਓਧਰ ਨੂੰ ਜਾਣ ਨੂੰ, ਇਕ ਦੋ ਵਾਰੀ ਚਿੱਠੀਆਂ ਵੀ ਆਈਆਂ ਆਦਮੀ ਵੀ ਘਲਣ ਨੂੰ ਤਿਆਰ ਵੀ ਹੋਏ ਤਾਂ ਮੈਂ ਏਥੋਂ ਚਿੱਠੀ ਪਾ ਦਿੱਤੀ ਪਈ ਮੈਂ ਆਹ ਕੰਮ ਕਰਕੇ ਮੈਂ ਜਰੂਰ ਹੁਣ ਆ ਜਾਣਾ ਤੇ ਛੇਤੀ ਛੇਤੀ ਆਂਊ। ਏਨਾਂ ਨੂੰ ਓਥੇ ਨਾ ਫੇ ਆਦਮੀ ਘੱਲੇ, ਤਾਂ ਹੌਲੀ-ਹੌਲੀ ਟਿਕ ਗਏ, ਟਿਕ ਗਏ ਤਾਂ ਮੈਂ ਫੇ ਏਥੇ ਰਹਿ ਪਿਆ, ਏਥੇ ਫੇ ਮੈਂ ਆਹਾ, ਇਹ ਗੁਫਾ ਹੈਗੀ, ਕੀ ਸੰਤਾਂ ਦੀ ਗੁਫਾ ਆ ਏਹਦਾਂ ਨਾਂ।

**ਸੇਵਾ ਸਿੰਘ ਜੀ**: ਆਹ, ਆਪਣੇ ਕੁਡਾਲੀਏਂ ਜੀ।

**ਬਾਬਾ ਜੀ** : ਕੁਡਾਲੀਏਂ।

**ਸੇਵਾ ਸਿੰਘ ਜੀ**: ਇਹ ਤਾਂ ਦੱਸੋ ਜੀ, ਤੁਸੀਂ ਕੁਡਾਲੀਏਂ ਆਉਣ ਤੋਂ ਪਹਿਲਾਂ ਤੁਸੀਂ, ਉੱਥੇ ਕੰਮ ਕਾਰ ਵੀ ਕਰਦੇ ਹੁੰਦੇ ਸੀ ਜਾਂ ਓਥੇ, ਓਦਾਂ ਈ ਵਿਹਲੇ?

**ਬਾਬਾ ਜੀ** : ਭਜਨ ਬੰਦਗੀ ਕਰਦਾ ਸੀ।

**ਸੇਵਾ ਸਿੰਘ ਜੀ**: ਵਿਹਲੇ ਈ ਰਹਿੰਦੇ ਸੀ?

**ਬਾਬਾ ਜੀ** : ਭਜਨ ਬੰਦਗੀ ਕਰਦਾ ਸੀ, ਬਾਹਰ ਸੀਗਾ ਸਰੋਵਰ, ਪਾਣੀ ਬਹੁਤ ਹੁੰਦਾ ਸੀ

ਉੱਥੇ, ਜਾ ਕੇ ਬਹਿ ਜਾਣਾ ਤਾਂ ਭਜਨ ਬੰਦਗੀ ਕਰਦੇ ਰਹਿਣਾ, ਮੈਂ ਕੰਮ ਕੋਈ ਨਹੀਂ ਸੀ ਕਰਦਾ।

**ਸੇਵਾ ਸਿੰਘ ਜੀ**: ਫਿਰ ਤੁਸੀਂ ਪਹਿਲਾਂ ਈ ਆ ਗਏ ਜਾਂ ਭਾਈ ਸਾਹਿਬ ਜੀ ਓਥੇ ਚਲੇ ਗਏ ਸੀ?

**ਬਾਬਾ ਜੀ** : ਭਾਈ ਸਾਹਿਬ ਆਪਣੇ, ਆਪਣੇ ਤਾਰਾ ਸਿੰਘ ਉੱਥੇ ਗਿਆ ਸੀ, ਤਾਰਾ ਸਿੰਘ ਗਿਆ ਸੀ, ਤਾਰਾ ਸਿੰਘ ਗਏ ਤੇ ਫੇ ਮੈਂ ਆਇਆ।

**ਸੇਵਾ ਸਿੰਘ ਜੀ**: ਤੁਹਾਡੇ ਵੱਡੇ ਭਾਈ ਸਾਹਿਬ ਜੀ ਜਿਹੜੇ?

**ਬਾਬਾ ਜੀ** : ਹਾਂ, ਵੱਡਾ ਭਾਈ ਸਾਹਿਬ ਜੀ ਤਾਰਾ ਸਿੰਘ ਗਿਆ ਸੀ?

**ਸੇਵਾ ਸਿੰਘ ਜੀ**: ਅੱਛਾ, ਉਹਨਾਂ ਨੂੰ ਕੰਮ-ਕੁੰਮ ਸੰਭਾਲ ਕੇ ਤੁਸੀਂ ਫੇਰ ਏਧਰ ਆ ਗਏ?

**ਬਾਬਾ ਜੀ** : ਮੈਂ ਏਧਰ ਆ ਗਿਆ?

**ਸੇਵਾ ਸਿੰਘ ਜੀ**: ਅੱਛਾ ਜੀ?

**ਬਾਬਾ ਜੀ** : ਤਾਂ ਮੈਂ ਫੇ ਅਨ ਜਲ ਦਾ ਗੇੜ ਫੇਰ ਏਥੇ ਬਣ ਗਿਆ।

**ਸੇਵਾ ਸਿੰਘ ਜੀ**: ਠੀਕ ਆ ਜੀ ?

**ਬਾਬਾ ਜੀ** : ਫਿਰ ਮੈਂ ਏਥੇ।

**ਸੇਵਾ ਸਿੰਘ ਜੀ**: ਓਧਰ ਸਰਗੋਧੇ ਵੀ ਫਿਰ ਰਹੇ?

**ਬਾਬਾ ਜੀ** : ਜੀ।

**ਸੇਵਾ ਸਿੰਘ ਜੀ**: ਸਰਗੋਧੇ ਕੌਣ ਫੇਰ ਓਥੇ ਰਿਹਾ?

**ਬਾਬਾ ਜੀ** : ਭਾਈ ਤਾਰਾ ਸਿੰਘ ਹੁਣੀ, ਤੇ ਲਛਮਣ ਸਿੰਘ ਹੁਣੀ ਵੀ ਓਥੇ ਚਲੇ ਗਏ।

**ਸੇਵਾ ਸਿੰਘ ਜੀ**: ਅੱਛਾ ! ਭਾਈ ਲਛਮਣ ਸਿੰਘ ਹੁਣੀ ਫੇਰ ਧੌਲਪੁਰ ਚਲੇ ਗਏ?

**ਬਾਬਾ ਜੀ** : ਧੌਲਪੁਰ ਚਲੇ ਗਏ।

**ਸੇਵਾ ਸਿੰਘ ਜੀ**: ਸਰਗੋਧੇ ਫੇਰ, ਉਦੋਂ ਪਾਕਿਸਤਾਨ ਤਾਂ ਨਹੀਂ ਬਣਿਆ ਹੋਣਾ?

**ਬਾਬਾ ਜੀ** : ਉਦੋਂ ਫੇਰ, ਪਾਕਿਸਤਾਨ ਮਗਰੋਂ ਫੇਰ ਠਾਕਰ ਸਿੰਘ ਆਏ ਮਗਰੋਂ ਫੇਰ ਓਥੋਂ।

**ਸੇਵਾ ਸਿੰਘ ਜੀ**: ਇਹ ਫਿਰ ਬਾਅਦ 'ਚ ਆਏ?

**ਬਾਬਾ ਜੀ** : ਹਾਂ, ਬਾਅਦ 'ਚ ਆਏ।

**ਸੇਵਾ ਸਿੰਘ ਜੀ**: ਦੋ ਭਾਈ ਸਾਹਿਬ ਜੀ ਉੱਥੇ ਰਹਿੰਦੇ ਸੀ?



**ਬਾਬਾ ਜੀ** : ਹਾਂ ਜੀ।

**ਸੇਵਾ ਸਿੰਘ ਜੀ**: ਤੇ ਬਾਕੀ ਫੇਰ ਏਥੇ ਆ ਗਏ?

**ਬਾਬਾ ਜੀ** : ਹਾਂ, ਮਹਾਰਾਜ।

**ਸੇਵਾ ਸਿੰਘ ਜੀ**: ਅੱਛਾ ਜੀ! ਏਥੇ ਫੇ ਆਣ ਕੇ ਕੁਡਾਲੀਏਂ ਤੁਸੀਂ ਰਹੇ?

**ਬਾਬਾ ਜੀ** : ਹਾਂ, ਕੁਡਾਲੀਏਂ ਰਹੇ ਸੱਤ ਮਹੀਨੇ।

**ਸੇਵਾ ਸਿੰਘ ਜੀ**: ਅੱਛਾ ਜੀ, ਉਹ ਕਿੰਨ੍ਹਾਂ ਦੀ ਗੁਫਾ ਸੀ ਪਹਿਲੇ ਪੁਰਾਣੇ ਜਮਾਨੇ ਦੀ?

**ਬਾਬਾ ਜੀ** : ਉਹ ਸੰਤ ਸੀ ਅਮਰ ਸਿੰਘ।

**ਸੇਵਾ ਸਿੰਘ ਜੀ**: ਸੰਤ ਅਮਰ ਸਿੰਘ?

**ਬਾਬਾ ਜੀ** : ਹਾਂ, ਉਨ੍ਹਾਂ ਦੀ ਗੁਫਾ ਸੀ, ਖੂਹ, ਖੂਹੀ ਲੱਗ ਈ ਸੀ, ਬਹੁਤ ਸੁਹਣੀ ਜਗ੍ਹਾ ਬਣ ਈ ਸੀ।

**ਸੇਵਾ ਸਿੰਘ ਜੀ**: ਚੰਗੀ ਸੀ?

**ਬਾਬਾ ਜੀ** : ਹਾਂ, ਚੰਗੀ ਸੀ ਅਟੰਕ ਜਗ੍ਹਾ ਸੀ, ਪਿੰਡ ਤੋਂ ਬਾਹਰ, ਉੱਥੋਂ ਫਿਰ ਆਹ, ਖੂਹ ਆਲੇ ਲੈ ਆਏ।

**ਸੇਵਾ ਸਿੰਘ ਜੀ**: ਉੱਥੇ ਫਿਰ ਭਜਨ ਬੰਦਗੀ ਤੁਸੀਂ ਕਿੰਨਾ ਕੁ ਚਿਰ ਕੀਤਾ ਜੀ?

**ਬਾਬਾ ਜੀ** : ਸੱਤ ਮਹੀਨੇ ਕੀਤਾ ਜੀ।

**ਸੇਵਾ ਸਿੰਘ ਜੀ**: ਕੀ ਹੁੰਦਾ ਸੀ ਰੋਜ ਦਾ ਨਿਯਮ? ਪ੍ਰਸ਼ਾਦਾ ਕਿੱਥੋਂ ਛਕਦੇ ਸੀ?

**ਬਾਬਾ ਜੀ** : ਪ੍ਰਸ਼ਾਦਾ ਆਪ ਬਣਾਉਂਦੇ ਸੀ।

**ਸੇਵਾ ਸਿੰਘ ਜੀ**: ਅੱਛਾ ਜੀ?

**ਬਾਬਾ ਜੀ** : ਇੱਕ ਸਵੇਰੇ, ਪਿੰਡੋ ਜਾ ਕੇ ਛੱਕ ਆਉਣਾ ਤਾਂ ਦੁਪਿਹਰ ਦਾ ਆਪ ਬਣਾ ਲੈਣਾ।

**ਸੇਵਾ ਸਿੰਘ ਜੀ**: ਅੱਛਾ ਜੀ, ਉੱਥੇ ਬਾਲਣ-ਬੂਲਣ ਹੋਣਾ ਆਪਣਾ?

**ਬਾਬਾ ਜੀ**: ਬਾਲਣ ਦੀ ਬੜੀ ਤੰਗੀ ਸੀ। ਬਾਲਣ ਦੀ ਬਹੁਤ ਤੰਗੀ ਸੀ ਜੀ, ਤੇ ਝੁਆਖਰਾ ਭੰਨ ਭੰਨ ਕੇ ਤਾਂ ਬਾਲਣ ਬਾਲਣਾ ਤਾਂ ਮੰਗਣਾ ਕਿਸੇ ਤੇ ਹੈ ਨਾਂ।

**ਸੇਵਾ ਸਿੰਘ ਜੀ** : ਤੰਗੀ ਬੜੀ ਸੀ?

**ਬਾਬਾ ਜੀ** : ਹਾਂ ਜੀ, ਤੇ ਇਹ ਸੀ ਪਈ ਨਾ ਮੰਗਣਾ ਨਾ, ਪਈ ਮੰਗਣਾ ਨਹੀਂ ਆਪੇ ਜੁ ਜਾਣਦੇ ਸੀ ਨਾ ਜੇ ਕਿਸੇ ਦੇਣਾ ਹਊ ਦੇ ਦਊ, ਤੇ ਇਹ ਤੇ ਓਦਾਂ ਈ ਫੇ, ਉਹ ਨਿਭ

ਗਿਆ ਮਹਾਂਰਾਜ ਦੀ ਕ੍ਰਿਪਾ ਤੇ।

**ਸੇਵਾ ਸਿੰਘ ਜੀ** : ਤੇ ਧੌਲਪੁਰ, ਤੁਸੀਂ ਮੇਰਾ ਖਿਆਲ ਕਿੰਨਾ ਕੁ ਚਿਰ ਰਹੇ ਹੋ ਜੀ?

**ਬਾਬਾ ਜੀ** : ਕਾਫੀ ਚਿਰ ਰਿਹਾਂ ਜੀ।

**ਸੇਵਾ ਸਿੰਘ ਜੀ** : ਕਿੰਨਾਂ, ਪੰਜ ਛੇ ਸਾਲ, ਜਿਆਦਾ ਈ?

**ਬਾਬਾ ਜੀ** : ਪੰਜ ਛੇ ਸਾਲ ਰਿਹਾ।

**ਸੇਵਾ ਸਿੰਘ ਜੀ** : ਪੰਜ ਛੇ ਸਾਲ ਰਹੇ ਓਥੇ ਧੌਲਪੁਰ?

**ਬਾਬਾ ਜੀ** : ਹਾਂ ਜੀ, ਤੇ ਫੇ ਸੰਗਤ ਦਾ ਬੜਾ ਹੋ ਗਿਆ ਸੀ ਜੀ ਤੇ ਮਹਾਂਰਾਜ ਦੀ ਕ੍ਰਿਪਾ।

**ਸੇਵਾ ਸਿੰਘ ਜੀ** : ਉਥੋਂ ਧੁਗਿਆਂ ਤੋਂ ਆਪਣੇ, ਧੌਲਪੁਰ ਤੋਂ ਆਣ ਕੇ ਤੁਸੀਂ ਫਿਰ ਸਿੱਧੇ ਮਿਰਜਾਪੁਰ ਚਲੇ ਗਏ ਜਾਂ ਪਿੰਡ?

**ਬਾਬਾ ਜੀ** : ਹਾਂ ਪਿੰਡ ਗਿਆ ਆ।

**ਸੇਵਾ ਸਿੰਘ ਜੀ** : ਧੁਗੀਂ ਗਏ ਨਾ ਪਿੰਡ?

**ਬਾਬਾ ਜੀ** : ਹਾਂ, ਧੁਗੀਂ ਗਿਆ, ਕੁਝ ਦਿਨ ਰਿਹਾ, ਤਾਂ ਫੇਰ ਏਥੇ ਆਇਆ।

**ਸੇਵਾ ਸਿੰਘ ਜੀ**: ਏਥੇ ਤਹਾਨੂੰ ਪਹਿਲੇ ਈ ਪਤਾ ਸੀ ਪਈ ਗੁਫਾ ਇਥੇ ਹੈਗੀ?

**ਬਾਬਾ ਜੀ** : ਗੁਫਾ ਦਾ ਮੈਨੂੰ ਪਤਾ ਸੀ।

**ਸੇਵਾ ਸਿੰਘ ਜੀ** : ਅੱਛਾ ਜੀ।

**ਬਾਬਾ ਜੀ** : ਤੇ ਇੰਨ੍ਹਾਂ ਕਾਬਲ ਸਿੰਘ, ਹੁਣਾਂ ਨੂੰ ਪਤਾ ਸੀ, ਪਈ ਏਥੇ ਚੰਗੀ ਹੈਗੀ ਜਗ੍ਹਾ।

**ਸੇਵਾ ਸਿੰਘ ਜੀ** : ਇਥੇ ਫੇ ਕਿੰਨ੍ਹਾ ਕੁ ਚਿਰ ਰਹੇ ਤੁਸੀਂ?

**ਬਾਬਾ ਜੀ** : ਸੱਤ ਮਹੀਨੇ।

**ਸੇਵਾ ਸਿੰਘ ਜੀ** : ਸੱਤ ਮਹੀਨੇ ਰਹੇ ਏਥੇ ਭਜਨ ਕੀਤਾ, ਏਥੋਂ ਫੇਰ ਬਾਵਾ ਸਿੰਘ ਹੁਣੀ ਲੈ ਆਏ?

**ਬਾਬਾ ਜੀ** : ਬਾਵਾ ਸਿੰਘ ਹੁਣੀ ਲੈ ਆਏ, ਹਾਂ ਏਥੇ ਐਸ, ਜਿੱਥੇ ਮੈਂ ਹੁਣ ਆਇਆਂ।

**ਸੇਵਾ ਸਿੰਘ ਜੀ** : ਹਾਂ ਜਿੱਥੇ ਹੁਣ ਗੁਰਦਵਾਰੇ ਰਾਮਪੁਰ ਖੇੜੇ, ਜਿੱਥੇ ਹੁਣ ਬਹਿ ਕੇ ਤੁਸੀਂ ਹੁਣ ਆਹ ਰਿਕਾਰਡ ਕਰਾ ਰਹੇ ਆ?

**ਬਾਬਾ ਜੀ** : ਹਾਂ ਪਈ ਇਹ ਆ, ਏਥੇ ਆਇਆ ਇਸ ਤੋਂ ਪਹਿਲਾਂ, ਕੰਮ ਕਰਦੇ ਈ ਵਿੱਚੇ ਵਿੱਚ ਮੈਂ, ਏਥੇ ਕਈ ਵਾਰੀ, ਗਿਆਰਾਂ ਮਹੀਨੇ ਇੱਕ ਸ਼ਬਦ ਦਾ ਪਾਠ ਕਰ ਗਿਆ ਸੀ।

ਸੇਵਾ ਸਿੰਘ ਜੀ : ਕਦੋਂ? ਕਿੱਥੋਂ ਜੀ?



**ਬਾਬਾ ਜੀ** : ਸਰਗੋਧਿਓਂ ਆਣ ਕੇ।

**ਸੇਵਾ ਸਿੰਘ ਜੀ** : ਸਗਗੋਧਿਓਂ ਆਣ ਕੇ?

**ਬਾਬਾ ਜੀ** : ਸਰਗੋਧਿਓਂ ਫਿਰ ਕਰ ਗਿਆ ਸੀ?

**ਸੇਵਾ ਸਿੰਘ ਜੀ** : ਏਥੇ ਤਹਾਨੂੰ ਇਸ ਜਗ੍ਹਾਂ ਦਾ ਕਿੱਦਾਂ ਉਦੋਂ ਪਤਾ ਲੱਗਾ?

**ਬਾਬਾ ਜੀ** : ਉਹ ਗੁਰਬਖਸ਼ ਸਿੰਘ ਤੋਂ ਪਤਾ ਲੱਗਾ, ਮੈਨੂੰ ਨਹੀਂ ਸੀ ਪਤਾ।

**ਸੇਵਾ ਸਿੰਘ ਜੀ** : ਉਹ ਗੁਰਬਖਸ਼ ਸਿੰਘ ਬਾਹਲਿਆਂ ਦੇ ਰਹਿਣ ਆਲੇ?

**ਬਾਬਾ ਜੀ** : ਹਾਂ, ਹਾਂ, ਪ੍ਰੋਫੈਸਰ ਗੁਰਬਖਸ਼ ਸਿੰਘ।

**ਸੇਵਾ ਸਿੰਘ ਜੀ** : ਅੱਜਕਲ ਪ੍ਰੋਫੈਸਰ ਲੱਗੇ ਹੋਏ ਜਿਹੜੇ?

**ਬਾਬਾ ਜੀ**: ਉਨ੍ਹਾਂ ਤੋਂ ਪਤਾ ਲੱਗਾ।

**ਸੇਵਾ ਸਿੰਘ ਜੀ** : ਉਦੋਂ ਉਹ ਪੜਦੇ ਹੋਣੇ ਆ?

**ਬਾਬਾ ਜੀ** : ਪੜ੍ਹਦੇ ਸੀ।

**ਸੇਵਾ ਸਿੰਘ ਜੀ** : ਭਾਈ ਵਧਾਵਾ ਸਿੰਘ ਹੁਣਾ ਨਾਲ ਜਦੋਂ ਤੁਹਾਡੇ ਨਾਲ ਵਾਕਫੀ ਹੋਈ ਉਦੋਂ ਇਨ੍ਹਾਂ ਨੇ ਦੱਸਿਆ ਹੋਣਾ ਫੇਰ?

**ਬਾਬਾ ਜੀ** : ਏਨ ਦੱਸਿਆ ਫਿਰ ਓਥੇ, ਮੇਰਾ ਕੋਈ ਸਾਧਨ ਕਰਨ ਦਾ ਖਿਆਲ ਸੀ, ਉਹ ਫਿਰ ਕਹਿੰਦਾ ਪਈ ਸਾਡੇ ਕਰੋ, ਏਥੇ ਫਿਰ ਮੈਂ ਆਣ ਕੇ ਕੀਤਾ ਤਾਂ ਜਗ੍ਹਾ ਮੇਰੇ ਪਸੰਦ ਆ ਗਈ ਸੀ, ਉਦੋਂ ਉਹ ਪਰਲੀ ਖੂਹੀ ਪਾਣੀ ਦਿੰਦੀ ਸੀ।

**ਸੇਵਾ ਸਿੰਘ ਜੀ** : ਅੱਛਾ ਜੀ ਇਹ ਜਿਹੜੀ ਹੇਠਾਂ ਹੁਣ ਹੈਗੀ ਆ, ਉਹ ਜਿਹੜੀ ਹੁਣ ਪੂਰ ਦਿੱਤੀ ਸੀ ਉੱਥੇ ਥੜ੍ਹਾ ਬਣਾਇਆ ਜਿਹੜਾ?

**ਬਾਬਾ ਜੀ** : ਹਾਂ, ਇਹ ਪਾਣੀ ਦਿੰਦੀ ਸੀ। ਇੱਥੇ ਆਇਆਂ, ਇੱਥੇ ਆਇਆਂ ਨੂੰ..........।

**ਸੇਵਾ ਸਿੰਘ ਜੀ** : ਏਥੇ ਆਣ ਕੇ ਕਿਦਾਂ ਸਾਧਨ ਕੀਤਾ? ਕੀ ਕੀਤਾ?

**ਬਾਬਾ ਜੀ** : ਇੱਥੇ ਇੱਕ ਸ਼ਬਦ ਦਾ ਪਾਠ ਕੀਤਾ ਸੀ, ਜਦੋਂ ਮੈਂ ਪਹਿਲਾਂ ਆਇਆ ਈ ਆਂ, ਗੁਫਾ ਕੱਢੀ, ਏਨ੍ਹੀਂ ਦੋਹਾਂ ਨੇ, ਹਰੀ ਸਿੰਘ ਨੇ ਤਾਂ ਭਾਈ ਗੁਰਬਖਸ਼ ਸਿੰਘ ਨੇ, ਕੱਚੀ ਗੁਫਾ ਸੀ, ਬੜੀ ਭਾਰੀ ਬੋਹੜ ਸੀ, ਬੋਹੜ ਦੇ ਹੇਠਾਂ ਪਰਲੇ ਪਾਸੇ।

**ਸੇਵਾ ਸਿੰਘ ਜੀ** : ਕਿੱਧਰਲੇ ਪਾਸੇ ਸੀ?

**ਬਾਬਾ ਜੀ** : ਪਰਲੇ ਪਾਸੇ, ਤਲਵੰਡੀ ਅਲ ਦੇ ਪਾਸੇ।

**ਸੇਵਾ ਸਿੰਘ ਜੀ** : ਤਲਵੰਡੀ ਅਲ ਦੇ ਪਾਸੇ।

**ਬਾਬਾ ਜੀ** : ਤੇ ਲਾਗੇ ਸੀ ਤੇ ਕੰਧਾਂ ਸੀਗੀਆਂ, ਕੰਧਾਂ ਤੇ ਛੰਨ ਛੱਪਰ ਪਾ ਲਿਆ ਸੀ ਰਾਤ ਰਹਿਣ ਨੂੰ, ਮੀਂਹ ਪਾਣੀ ਤੋਂ, ਤੇ ਫੇਰ, ਮੈਂ ਜਿਸਲਾਂ ਆਇਆ ਈ ਆਂ, ਤਾਂ ਇਹ ਕੁਛ ਛੋਟੀ ਸੀ ਤਾਂ ਮੈਂ ਕਿਹਾ ਹੋਰ ਜਗ੍ਹਾ ਖੁਲ੍ਹੀ ਕਰ ਦਿਉ। ਬੈਠਾ ਈ ਸੀ ਤਾਂ ਉੱਥੇ ਇੱਕ ਆਦਮੀ ਆਇਆ ਉਹ ਮੈਨੂੰ ਕਹਿੰਦਾ ਪਈ, ਗੋਂਦਪੁਰ ਦਾ ਸੀ।

ਸੇਵਾ ਸਿੰਘ ਜੀ : ਅੱਛਾ! ਇਹ ਗੁਫਾ ਕੱਢਦੇ ਹੋਣੇ, ਤੁਸੀਂ ਬੈਠੇ ਹੋਣੇ?

**ਬਾਬਾ ਜੀ** : ਇਹ ਗੁਫਾ ਕੱਢਦੇ ਸੀ, ਇਹ ਮੁੰਡੇ ਜਲਦੀ ਜਲਦੀ ਕੱਢਦੇ ਸੀ ਤਾਂ ਮੈਂ ਏਹਨਾਂ ਕਿਹਾ ਪਈ ਐਵੇਂ ਤੁਸੀਂ ਇਹ ਕਰਨ ਡਹਿਉਂ। ਉਹ ਕਹਿੰਦੇ ਸਾਡੇ ਸੰਤਾਂ ਨੇ, ਕਿਉਂ ਕੱਢਦੇ ਆਂ? ਸੰਤ ਕੋਈ ਇੱਕ ਨੇ ਆਉਣਾ ਸਾਧਨ ਕਰਨਾ। ਤਾਂ ਮੈਂ ਏਨ੍ਹਾਂ ਨੂੰ ਕਿਹਾ ਪਈ ਏਥੇ ਇੱਕ ਰਾਤ ਪਹਿਲਾਂ ਸੁਆ ਲਉ ਜੇ ਤਾਂ ਰਾਤ ਸੌਂ ਗਿਆ, ਰਹਿ ਗਿਆ।

**ਸੇਵਾ ਸਿੰਘ ਜੀ** : ਉਹ ਬੰਦਾ ਕਹਿੰਦਾ?

**ਬਾਬਾ ਜੀ** : ਹਾਂ, ਤਾਂ ਪਈ ਤੁਸੀਂ ਕਢਿਉਂ, ਐਵੇਂ ਨਾ।

**ਸੇਵਾ ਸਿੰਘ ਜੀ** : ਕੱਢੀ ਕਢਾਈ ਨਾ ਨਾਹ ਰਹਿ ਜਾਏ।

**ਬਾਬਾ ਜੀ** : ਕੱਢੀ ਕਢਾਈ ਰਹਿ ਜਾਊ।

**ਸੇਵਾ ਸਿੰਘ ਜੀ** : ਉਹ ਏਂਦਾਂ ਕਿਉਂ ਕਹਿੰਦਾ ਸੀ?

**ਬਾਬਾ ਜੀ** : ਏਥੇ ਸ਼ਕਤੀ ਜਗਾ, ਸ਼ਕਤੀ ਸੀ, ਰਹਿ ਕੋਈ ਨਹੀਂ ਸੀ ਸਗਦਾ।

**ਸੇਵਾ ਸਿੰਘ ਜੀ** : ਆਮ ਲੋਕਾਂ 'ਚ ਬੜਾ ਪ੍ਰਭਾਵ ਹੋਣਾਂ?

**ਬਾਬਾ ਜੀ** : ਬੜਾ ਲੋਕਾਂ ਨੂੰ ਡਰ ਸੀ ਏਥੇ ਬਹੁਤ ਸਖਤ ਜਗ੍ਹਾਂ ਆ, ਤਾਂ ਫਿਰ ਮੈਂ ਕਿਹਾ ਪਈ ਕੋਈ ਨਹੀਂ ਜਿਹੜਾ ਆਊ ਰਹੂ ਕਿਉਂ ਨਾ? ਤੇ ਕਹਿੰਦਾ ਰਹਿਣਾ ਕਿੰਨ ਆ ਜੀ, ਏਥੇ ਰਹਿੰਦਾ ਨਹੀਂ ਕੋਈ ਵੀ, ਮੈਂ ਕਿਹਾ ਅੱਛਾ! ਦੇਖੋ, ਜੇ ਮਹਾਂਰਾਜ ਨੂੰ ਭਾਵੇ ਤਾਂ ਰਹਿ ਪਊ, ਤੇ ਕਹਿੰਦਾ ਰਹਿਣਾ ਕੀਹ ਆ ਜੀ, ਏਨੀ ਗੱਲ ਕਹਿ ਕੇ ਚਲਿਆ ਗਿਆ, ਤਾਂ ਫਿਰ ਇਹ ਫਿਰ ਚਲੇ ਗੇ ਸ਼ਾਮ ਨੂੰ, ਤਾਂ ਮੈਂ ਆ ਕੇ ਰਿਹਾ ਏਥੇ। ਏਥੇ ਆਏ ਗਿਆਰਾਂ ਕੁ ਵਜੇ, ਦੋ ਸਾਧੂ ਆਏ ਹਿੰਦੂ ਮੱਤ ਦੇ। ਉਹ ਕਹਿੰਦੇ ਜਗ੍ਹਾ ਸਾਡੀ ਆ ਏਹ, ਅਸੀਂ ਰਹਿਨੇ ਏਥੇ, ਮੈਂ ਕਿਹਾ ਬੜੀ ਖੁਸ਼ੀ ਨਾਲ ਰਹੁ ਜੀ, ਮੈਨੂੰ ਜਗ੍ਹਾ ਮੱਲਣ ਦੀ ਕੋਈ ਲੋੜ ਨਹੀਂ, ਆਪਣਾ ਅਨੰਦ ਲਉ ਤੁਸੀਂ, ਨਾਂ ਤੁਹਾਡੇ ਪ੍ਰੋਗਰਾਮ ਵਿੱਚ ਕੋਈ ਦਖਲ ਈ ਦਿੰਨਾ। ਉਹ ਫੇ ਚਲੇ ਗਏ ਤਾਂ ਮਗਰੋਂ ਮੁਸਲਮਾਨ ਫ਼ਕੀਰ ਆ ਗਿਆ। ਉਹ ਕਹਿੰਦਾ ਸਾਡੀ ਜਗ੍ਹਾ ਆ, ਮੈਂ ਕਿਹਾ ਤੁਸੀਂ ਮੱਲੋ ਜੀ, ਮੈਨੂੰ ਕੋਈ ਲੋੜ ਨਹੀਂ ਜਗ੍ਹਾ ਦੀ, ਮੈਂ ਤਾਂ ਏਥੇ ਭਜਨ ਕਰਨਾ ਕਰਕੇ ਚਲੇ ਜਾਣਾ ਮੈਂ ਤਾਂ ਏਥੇ ਬੈਠੇ ਤੇ ਨਹੀਂ ਰਹਿਣਾ ਮੈਨੂੰ ਲੋੜ ਨਹੀਂ ਜਗ੍ਹਾ ਦੀ। ਉਹ



ਫੇ ਉਹ ਵੀ ਗਿਆ। ਚਲਿਆ ਗਿਆ ਤਾ, ਹੋਰ ਕੋਈ ਗੱਲ ਨਹੀਂ ਉਨ੍ਹਾਂ ਨਾਲ ਵਾਧਾ ਘਾਟਾ ਹੋਇਆ। ਉਹ ਤੋਂ, ਇੱਕ ਦਿਨ ਬਾਅਦ, ਕਿ ਉਸੇ ਹੀ ਦਿਨ, ਮੈਨੂੰ ਚੰਗੀ ਤਰ੍ਹਾਂ ਚੇਤਾ ਨਹੀਂ, ਫਿਰ ਮੈਂ ਲੰਮਾਂ ਪਿਆ, ਕੋਈ ਗਿਆਰਾਂ ਵਜੇ ਤੋਂ ਬਾਅਦ।

**ਸੇਵਾ ਸਿੰਘ ਜੀ** : ਤਾਂ ਉਧਰ ਪਰਲੀ ਅਲ ਹੇਠਲੇ ਪਾਸੇ?

**ਬਾਬਾ ਜੀ** : ਪਰਲੀ ਅਲ ਹੇਠਲੇ ਪਾਸੇ।

**ਸੇਵਾ ਸਿੰਘ ਜੀ** : ਉਧਰ ਤਾਂ ਉਦੋਂ ਬੜਾ ਝਿੜਾ ਜਿਹਾ ਹੋਣਾ, ਇਧਰ ਤਾਂ ਚੜ੍ਹ ਨਹੀਂ ਹੁੰਦਾ ਹੋਣਾ?

**ਬਾਬਾ ਜੀ** : ਇਹ ਬੜਾ ਤਕੜਾ ਸੀ ਜੀ, ਝਿੜਾ ਈ ਸੀ, ਬੜਾ ਹੇਠਾਂ ਕੱਖ ਵੂਸ ਜੰਮਿਆ ਆ ਹੁੰਦਾ ਸੀ, ਤੇ ਫੇਰ, ਭੰਗ ਬੜੀ ਬੜੀ ਹੁੰਦੀ ਸੀ। ਉਹ ਮੈਂ ਲੰਮਾਂ ਪਿਆ ਤਾਂ ਮੈਨੂੰ ਐਂ ਮਲੂੰਮ ਹੋਇਆ।

**ਸੇਵਾ ਸਿੰਘ ਜੀ** : ਰਾਤ ਦੀ ਗੱਲ? ਕਿੰਨੇ ਵਜੇ ਦੀ?

**ਬਾਬਾ ਜੀ** : ਰਾਤ ਗਿਆਰਾਂ ਵਜੇ ਤੋਂ ਬਾਅਦ ਦੀ, ਤੇ ਕੋਈ ਆਦਮੀ ਆਉਂਦਾ ਮੈਨੂੰ ਮਲੂੰਮ ਹੋਇਆ ਪਈ ਪੈਰ, ਪੈਛੜ, ਖੜਕ ਸੁਣਦਾ, ਤਾਂ ਮੈਂ ਏਹਦੀ ਅਲ ਦੇਖਿਆ ਤਾਂ, ਚਾਰ ਚੁਫੇਰੇ ਮੇਰੇ ਮੰਜੇ ਦੇ, ਆਦਮੀ, ਸਿਆਣੇ, ਨਿਆਣੇ, ਨੀਮੇਂ ਛੋਟੇ ਛੋਟੇ ਜਹੇ ਉਮਰ ਦੇ, ਬਹੁਤ ਨਿਆਣੇ ਨਾਂਹ, ਛੋਟੀ ਉਮਰ ਦੇ। ਕਾਫੀ ਬਾਹਰ ਬਾਹਰ ਸਾਰੇ ਪਾਸੀਂ।

**ਸੇਵਾ ਸਿੰਘ ਜੀ** : ਅੱਛਾ ਜੀ! ਚਾਰ ਚੁਫੇਰੇ?

**ਬਾਬਾ ਜੀ** : ਚਾਰ ਚੁਫੇਰੇ ਜੀ, ਲਾਇਨ ਲੱਗੀ ਛਿੰਜ ਦੇ ਪਿੜ ਵਾਂਗੂੰ ਏਦਾਂ ਓਹ ਇੱਕ ਚਲ ਰਹੇ ਤਾਂ ਉੱਤੋਂ ਦੀ ਆਵੇ ਬਗਲਾਂ ਦੀ ਦੇਖਣ, ਉਹ ਫੇਰ, ਮੈਂ ਦੇਖ ਕੇ ਤਾਂ ਐਉਂ ਹੱਥ ਤੇ ਹੱਥ ਮਾਰਿਆ, ਹੱਥ ਤੇ ਹੱਥ ਮਾਰਿਆ ਤਾਂ ਉਹ ਸਾਰੇ ਈ ਪਿਛਾਂਹ ਨੂੰ ਡਿਹ ਪਏ।

**ਸੇਵਾ ਸਿੰਘ ਜੀ** : ਅੱਛਾ ਜੀ! ਉਹ ਖੜ੍ਹੇ ਸੀ।

**ਬਾਬਾ ਜੀ**: ਖੜੇ ਸੀ, ਡਿਹ ਪਏ, ਕੁ ਮਿੰਟ ਦੋ ਮਿੰਟ ਤਿੰਨ ਮਿੰਟ ਤਕਰੀਬਨ, ਉਹ ਖੜੇ ਹੋਣਗੇ, ਪਏ ਉਹ ਪਏ ਰਹੇ, ਮੈਂ ਚੁੱਪ ਕਰ ਰਿਹਾ, ਫਿਰ ਉਹ ਮੇਰੇ ਪੈਰਾਂ ਅਲ ਦੇ ਪਾਸੇ ਸੀ ਬੂਹਾ, ਬੂਹੇ ਅਲ ਦੇ ਪਾਸੇ ਉਹ ਉਠ ਉਠ ਕੇ ਫੇ ਪਰ੍ਹਾਂ ਨੂੰ ਤੁਰਨ ਲੱਗ ਪਏ, ਚਲੇ ਗਏ।

**ਸੇਵਾ ਸਿੰਘ ਜੀ** : ਕਿਸ ਪਾਸੇ ਨੂੰ ਜੀ?

**ਬਾਬਾ ਜੀ** : ਬੂਹੇ ਤੋਂ ਬਾਹਰ ਨੂੰ।

**ਸੇਵਾ ਸਿੰਘ ਜੀ** : ਬਾਹਰ ਨੂੰ ਚਲੇ ਗਏ?

**ਬਾਬਾ ਜੀ** : ਬਾਹਰ ਨਿਕਲ ਗਏ, ਨਿਕਲ ਗਏ ਤਾਂ ਇੱਕ ਮਗਰੋਂ ਸਿਆਣਾ, ਉਹ ਮੇਰੇ

ਪਿਛਲੀ ਅਲੋਂ ਆਇਆ ਤਾਂ ਆਣ ਕੇ ਮੈਨੂੰ ਨਮਸਕਾਰ ਕੀਤੀ। ਕਹਿੰਦਾ ਪਈ ਇਹ, ਮੇਰੇ ਸੇਵਕ ਆ ਸਾਰੇ ਤਾਂ ਆਹ ਏਥੇ ਅਸੀਂ ਰਹਿੰਦੇ ਸੀ, ਇਹ ਜਗ੍ਹਾ ਸਾਡੀ ਸੀ, ਅਸੀਂ ਹੁਣ ਛੱਡ ਕੇ ਚਲੇ ਆਂ। ਅੱਗੇ ਰੈਹਣ ਨਹੀਂ ਸੀ ਦਿੰਦੇ ਕਿਸੇ ਨੂੰ ਏਥੇ, ਤਾਂ ਤੁਹਾਡੀ ਇਸ ਜਗ੍ਹਾ ਆਣ ਕਰਕੇ ਸਾਡਾ ਰਹਿਣਾ ਇੱਥੇ ਮੁਸ਼ਕਲ ਆ, ਅਸੀਂ ਛੱਡ ਚੱਲੇ ਜਗ੍ਹਾ। ਮੈਂ ਕਿਹਾ ਚੰਗਾ ਜਾਓ। ਚਲੇ ਗਏ ਉਹ, ਉਹ ਫੇਰ ਕਰਦਾ ਭਜਨ ਬੰਦਗੀ ਕਰਿਦਆਂ ਫੇ ਕੁਛ ਦਿਨ ਨਿਕਲ ਗਏ, ਤਾਂ ਫੇਰ ਇਕ ਦਿਨ, ਮੈਂ ਬੈਠਾ ਆ ਸੀ, ਤਾਂ ਮੇਰਾ ਪੌਂਦ, ਪੌਂਦ ਸੀ ਏਧਰ ਤਲਵੰਡੀ ਅਲ ਦੇ ਪਾਸੇ ਨੂੰ, ਪੈਰ ਸੀ, ਬੈਠਾ ਸੀ ਐਉਂ ਸੀ ਤਾਂ ਪੌਂਦ ਸੀ ਏਧਰ ਮੰਜੇ ਦੀ ਤੇ ਇਕ ਮਾਈ ਸਿਆਣੀ ਉਮਰ ਦੀ, ਲੀੜੇ ਵੀ ਉਹਦੇ ਪੁਰਾਣੇ ਈ, ਉਹ ਆਣ ਕੇ ਮੰਜੇ ਦੇ ਉੱਤੇ ਬਹਿ ਗਈ ਜੀ ਪੌਂਦ ਅਲ ਦੇ ਪਾਸੇ, ਬਹਿ ਗਈ ਤਾਂ ਪਰ ਮੇਰੇ ਅਲ ਮੂੰਹ ਨਹੀ ਔਂ ਨੂੰ ਮੂੰਹ ਉਹਦਾ ਓਧਰ ਨੂੰ ਜਿੱਦਾਂ ਓਈਂ ਕੋਈ ਮੰਜੇ ਤੇ ਬਹਿ ਜਾਂਦਾ ਪਿੱਠ ਅਲ ਨੂੰ, ਉੱਧਰੋਂ ਮੈਨੂੰ ਆਵਾਜ ਆਈ ਬਾਹਰੋਂ ਪਰਿਉਂ ਕਿਤਿਉਂ, ਪਈ ਏਹ ਮਾਇਆ ਆ, ਤਾਂ ਮੈਂ ਦਿਲ 'ਚ ਵਿਚਾਰ ਕੀਤੀ ਕਿ ਮਾਇਆ ਤਾਂ ਮੌਜ ਲਵੇ, ਪਈ ਸਾਨੂੰ ਇਹਦੇ ਨਾਲ ਕੀ? ਓਹ ਏਨੀ ਗੱਲ ਸੁਣ ਕੇ ਉਹ ਤੁਰ ਗਈ।

**ਸੇਵਾ ਸਿੰਘ ਜੀ** : ਅੱਛਾ ਜੀ! ਉਹ ਜਿਹੜੀ ਮੈਲੇ ਜੇਹੇ ਕੱਪੜਿਆਂ ਆਲੀ ਮਾਈ ਆਈ ਸੀ?

**ਬਾਬਾ ਜੀ** : ਮਾਈ ਸੀ ਉਹ ਤੁਰ ਗਈ, ਚਲੀ ਗਈ। ਚਲੀ ਗਈ ਤਾਂ, ਥੋੜਾ ਚਿਰ ਹੋਇਆ ਗਈ ਨੂੰ, ਤਾਂ ਚੜ੍ਹਦੇ ਅਲ ਦੇ ਪਾਸਿਉਂ ਇੱਕ ਬੜੇ ਹਾਵ ਭਾਵ ਆਲੀ ਬੜੀ ਪ੍ਰਕਾਸ਼ ਜੀ ਉਹਦੇ ਨੇੜੇ, ਤੇ ਸੰਗਾਰ ਹੋਰ ਲੀੜੇ ਕੱਪੜੇ ਬੜੇ ਆਲਾ, ਦੂਰੋਂ ਮੈਨੂੰ ਦਿੱਸੀ ਤਾਂ, ਜਨਾਨੀ ਤਾਂ ਮੈਂ ਕਿਹਾ ਲੈ ਇਹ ਮਾਇਆ ਆਪਣੇ ਜੋਰ ਤੇ ਆਈ ਆ, ਤੇ ਮੈਂ ਆਪਣੀ, ਸ਼ਕਤੀ ਨਾਲ ਉਹਨੂੰ ਰੋਕਣਾ ਚਾਹਿਆ, ਰੁਕੀ ਨਹੀਂ ਜੀ, ਰੁਕੀ ਨਹੀਂ ਤਾਂ ਫੇਰ ਮੈਂ ਮਹਾਰਾਜ ਜੀ ਦੇ ਅੱਗੇ ਅਰਦਾਸ ਬੇਨਤੀ ਕੀਤੀ ਪਈ ਮਹਾਰਾਜ! ਜੇ ਮਾਇਆ ਲਾਗੇ ਆਈ ਤਾਂ ਖਵਨੇ ਕੀ ਕਰੂ, ਤੇ ਹੁਣ ਤੁਸੀਂ ਸਹਾਇਤਾ ਕਰੋ। ਏਨੀ ਬੇਨਤੀ ਕੀਤੀ, ਤਾਂ ਮਹਾਂਰਾਜ ਤੀਸਰੇ ਪਾਤਿਸ਼ਾਹ ਦੇ ਮੈਨੂੰ ਦਰਸ਼ਨ ਹੋ ਗਏ। ਉਨ੍ਹੀਂ ਮੇਰੇ ਸਿਰ ਤੇ ਹੱਥ ਰੱਖਿਆ, ਸਿਰ ਤੇ ਹੱਥ ਰੱਖਣ ਦੀ ਦੇਰ ਸੀ, ਓਥੇ ਈ ਸਾਊਂ-ਮਾਊਂ ਹੋ ਗਈ, ਪਤਾ ਨਹੀਂ ਕਿੱਧਰ ਖਤਮ ਗੈਬ ਹੋ ਗਈ। ਬੱਸ ਫੇਰ, ਫੇਰ ਬੇਫਿਕਰ ਬੱਸ ਭਜਨ ਬੰਦਗੀ ਕਰਦੇ ਰਹੇ, ਫੇਰ ਕੋਈ ਨਹੀਂ।

ਸੇਵਾ ਸਿੰਘ ਜੀ : ਕੋਈ ਓਹ ਤੋਂ ਬਾਅਦ ਨਹੀਂ ਉੱਥੇ ਆਇਆ, ਹੈਂ ਜੀ ਉਦੋਂ ਪਾਠ ਕਾਹਦਾ ਕਰਦੇ ਸੀ ਏਥੇ?

**ਬਾਬਾ ਜੀ** : ਪਾਠ ਕਰਦੇ ਹੁੰਦੇ ਸੀ ਆਪਣਾ।

**ਸੇਵਾ ਸਿੰਘ ਜੀ** : "ਵਡਭਾਗੀਆ ਸੋਹਾਗਣੀ" ਮੇਰਾ ਖਿਆਲ ਤੁਸੀਂ ਇਹ ਸ਼ਬਦ



ਦੱਸਿਆ ਸੀ ਇੱਕ ਵਾਰੀ?

**ਬਾਬਾ ਜੀ** : ਹਾਂ-ਹਾਂ, ਬੱਸ "ਵਡਭਾਗੀਆ ਸੋਹਾਗਣੀ" ਤਾਂ ਏਹ ਸੀ।

**ਸੇਵਾ ਸਿੰਘ ਜੀ** : ਏਹਦਾ ਇਕ ਪਾਠ ਕਰਦੇ ਸੀ?

**ਬਾਬਾ ਜੀ** : ਹਾਂ ਏਹਦਾ ਕਰਦੇ ਸੀ, ਚਾਲੀ ਮਾਲਾ ਰੋਜ ਦੀਆਂ ਕਰ ਲੈਂਦਾ ਸੀ।

**ਸੇਵਾ ਸਿੰਘ ਜੀ** : ਅੱਛਾ ਜੀ! ਤਕੜਾ; ਸਾਧਨ ਸੀ, ਹੈਂ ਜੀ?

**ਬਾਬਾ ਜੀ** : ਤਕੜਾ ਸਾਧਨ ਸੀ।

**ਸੇਵਾ ਸਿੰਘ ਜੀ** : ਹੋਰ ਕੀ ਕਰਦੇ ਹੁੰਦੇ ਸੀ ਜੀ?

**ਬਾਬਾ ਜੀ** : ਬੱਸ ਹੋਰ ਫੇਰ, ਆਪਣਾ, ਘੰਟਾ ਮੈਂ ਤਾਂ ਏਹੇ ਗੁਰਬਖਸ਼ ਸਿੰਘ ਕਰਦੇ ਹੁੰਦੇ ਸੀ ਨਿਰਾ ਵਾਹਿਗੁਰੂ ਅਭਿਆਸ, ਤਾਂ ਫੇਰ ਦਿਨੇ ਤਾਂ ਲੱਗੇ ਈ ਕਹਿੰਦੇ ਰਹਿੰਦੇ ਸੀ ਹੋਰ ਕੰਮ ਤਾਂ ਕੋਈ ਹੈ ਈ ਨਹੀਂ ਸੀ, ਇਹ ਮੇਰੇ ਨਾਲ ਇੱਕ ਘੰਟਾ ਬਹਿੰਦਾ ਹੁੰਦਾ ਸੀ।

**ਸੇਵਾ ਸਿੰਘ ਜੀ** : ਉਦੋਂ ਇਸ਼ਨਾਨ ਪਾਣੀ ਕਰਨ ਲਈ ਉੱਥੇ ਪਾਣੀ ਹੁੰਦਾ ਸੀ ਜਾਂ..?

**ਬਾਬਾ ਜੀ** : ਔਥੇ ਜਾਂਦੇ ਹੁੰਦੇ ਸੀ, ਪਾਣੀ ਥੋੜਾ ਸੀ ਖੂਹੀ ਦੇ ਵਿੱਚ, ਪਾਣੀ ਥੋੜਾ ਸੀ।

**ਸੇਵਾ ਸਿੰਘ ਜੀ** : ਔਹ ਜਿਹੜਾ ਫਰਲਾਂਗ ਦੇ ਲਗਭਗ ਖੂਹ ਹੈਗਾ?

**ਬਾਬਾ ਜੀ** : ਹਾਂ, ਏਸ ਖੂਹ ਤੇ ਜਾਂਦੇ ਹੁੰਦੇ ਸੀ।

**ਸੇਵਾ ਸਿੰਘ ਜੀ** : ਮਾਛੀਆਂ ਆਲੇ ਪਾਸੇ?

**ਬਾਬਾ ਜੀ** : ਮਾਛੀਆਂ ਅਲ ਦੇ ਪਾਸੇ, ਇਹ।

**ਸੇਵਾ ਸਿੰਘ ਜੀ** : ਏਥੋਂ ਦੀ ਫੇਰ ਬੰਨਿਆ-ਬੁੰਨਿਆਂ ਉੱਤੋਂ ਦੀ ਜਾਂਦੇ ਸੀ?

**ਬਾਬਾ ਜੀ** : ਬੰਨਿਆ-ਬੁੰਨਿਆ ਉੱਤੋਂ ਦੀ ਬੜਾ ਡੂੰਘਾ ਥਾਂ ਹੁੰਦਾ ਸੀ, ਸੋਟਾ ਹੱਥ ਵਿਚ ਲੈ ਕੇ ਜਾਂਦੇ ਹੁੰਦੇ ਸੀ, ਵੱਟ ਜੇਹੀ ਉੱਤੋਂ ਦੀ, ਜਿੰਮੀਦਾਰਾਂ ਨੇ ਕਹਿਣਾ ਸਾਡੇ ਖੇਤ 'ਚ ਦੀ ਨਾ ਲੰਘਿਓ, ਹਾਂ ਜੀ, ਮੈਂ ਕਹਿਣਾ ਕਿਉਂ ਪਈ ਜੇ ਅਗਲਾ ਕਹਿ ਰਿਹਾ ਤਾਂ ਲੰਘਣਾ ਨਹੀਂ ਠੀਕ। ਵੱਟਾਂ ਉੱਤੋਂ ਦੀ ਲੰਘ ਜਾਣਾ। ਇੱਕ ਉੱਥੇ ਮਹਾਰਾਜ ਦੀ ਬੜੀ ਅਜੀਬ ਖੇਡ ਸੀ, ਪਈ ਜਿਸਲੇ ਮੈਂ ਜਾਣਾ, ਅੱਗੇ ਹਵਾ ਵਗਦੀ ਹੋਵੇ, ਭਾਵਾਂ ਕਿੰਨੀ ਹਵਾ ਵੱਗਦੀ ਹੋਵੇ ਓਸਲੇ ਬੰਦ ਹੋ ਜਾਣੀ ਜੀ, ਜਿਸਲੇ ਸਨਾਨ ਕਰਕੇ ਆ ਜਾਣਾ, ਫੇਰ ਹਵਾ ਵਗਣੀ, ਇਹ ਮਹਾਰਾਜ ਦੀ ਖਾਸ ਕ੍ਰਿਪਾ ਸੀ।

**ਸੇਵਾ ਸਿੰਘ ਜੀ** : ਠੀਕ ਆ ਜੀ! ਇਥੇ ਫੇਰ ਕਿੰਨਾਂ ਚਿਰ ਰਹੇ ਜੀ?

---

ਲੀੜੇ- ਕੱਪੜੇ ਵੀ , ਸਾਊਂ-ਮਾਊਂ- ਅਲੋਪ ਹੋਣਾ।

**ਬਾਬਾ ਜੀ** : ਨੌਂ ਮਹੀਨੇ।

**ਸੇਵਾ ਸਿੰਘ ਜੀ** : ਨੌਂ ਮਹੀਨੇ ਰਹੇ, ਨੌਂ ਮਹੀਨੇ ਪਾਠ ਕਰਕੇ ਫੇਰ ਤੁਸੀਂ ਕਿੱਥੇ?

**ਬਾਬਾ ਜੀ** : ਫੇਰ ਮੈਂ ਕੁਛ ਦਿਨ ਏਥੇ ਧੁੱਗੀਂ ਗਿਆ ਧੁੱਗਿਆਂ ਤੋਂ ਫਿਰ ਮੈਂ ਉੱਥੇ ਫਿਰ ਸਰਗੋਧੇ ਗਿਆ।

**ਸੇਵਾ ਸਿੰਘ ਜੀ** : ਫਿਰ ਵਾਪਸ ਸਰਗੋਧੇ ਚਲੇ ਗਏ?

**ਬਾਬਾ ਜੀ** : ਸਰਗੋਧੇ ਚਲੇ ਗਿਆ।

**ਸੇਵਾ ਸਿੰਘ ਜੀ** : ਉਹ ਤੋਂ ਬਾਅਦ ਫਿਰ ਮੁੜ ਕੇ ਫੇਰ ਧੌਲਪੁਰ ਰਹਿ ਕੇ ਛੇ ਸਾਲ ਫਿਰ ਕੁਡਾਲੀਏਂ ਛੇ ਸੱਤ ਮਹੀਨੇ ਰਹਿ ਕੇ, ਫੇਰ ਏਥੇ ਆਏ?

**ਬਾਬਾ ਜੀ** : ਫੇਰ ਏਥੇ ਗਿਆਰਾਂ, ਨਾ ਬਾਰਾਂ ਵਰ੍ਹਿਆਂ ਪਿੱਛੋਂ ਫੇਰ ਆਇਆਂ।

**ਸੇਵਾ ਸਿੰਘ ਜੀ** : ਏਥੇ ਲਿਆਏ ਕੌਣ ਜੀ ਤੁਹਾਨੂੰ ? ਕਿਸ ਤਰ੍ਹਾਂ ਆਏ?

**ਬਾਬਾ ਜੀ** : ਪਹਿਲਾਂ ਤਾਂ ਮੈਂ ਆਇਆ ਸੀ ਨਾ ਓਥੇ।

**ਸੇਵਾ ਸਿੰਘ ਜੀ** : ਮਿਰਜਾਪੁਰ?

**ਬਾਬਾ ਜੀ** : ਮਿਰਜਾਪੁਰ, ਲਿਆਏ ਏਹੇ ਬਾਵਾ ਸਿੰਘ ਹੋਣੀ। ਬਾਵਾ ਸਿੰਘ ਨੇ ਆਪਣੇ ਕੋਲੋਂ ਈ ਏਥੇ ਕਾਨੇ, ਲੱਕੜੀਆਂ ਵੱਢ ਕੇ ਤਾਂ ਇਹ ਬਣਾ ਤੀ ਸੀ ਉਹੋ।

**ਸੇਵਾ ਸਿੰਘ ਜੀ** : ਛੰਨ?

**ਬਾਬਾ ਜੀ** : ਛੰਨ, ਇਹ ਛੰਨ ਦੇ ਵਿੱਚ ਰਹੇ, ਬੱਸ ਛੰਨ ਦੇ ਵਿੱਚ ਰਹੇ। ਫੇਰ ਉਹ, ਕੁਦਰਤ ਮਹਾਂਰਾਜ ਦੀ ਐਸੀ ਪਈ ਇੱਕ ਪ੍ਰੇਮੀ ਹੋਰ ਮਿਲ ਗਿਆ, ਫੇ ਉਹ ਫੇ ਗੁਫਾ ਬਣਾਈ।

**ਸੇਵਾ ਸਿੰਘ ਜੀ** : ਉਹਤੋਂ ਬਾਅਦ ਫਿਰ ਗੁਫਾ ਬਣਾਈ?

**ਬਾਬਾ ਜੀ** : ਉਹ ਤੋਂ ਬਾਅਦ ਫਿਰ ਗੁਫਾ ਬਣਾਈ।

**ਸੇਵਾ ਸਿੰਘ ਜੀ** : ਛੰਨ ਚਿ ਕਿੰਨਾ ਚਿਰ ਰਹਿੰਦੇ ਰਹੇ।

**ਬਾਬਾ ਜੀ** : ਛੰਨ 'ਚ ਕੋਈ ਸਾਲ ਰਹੇ ਆਂ।

**ਸੇਵਾ ਸਿੰਘ ਜੀ** : ਛੰਨ ਤਾਂ ਮੈਂ ਵੀ ਦੇਖੀ ਮੇਰੇ ਹੁੰਦੇ ਤੇ ਦੇਖੀ ਛੋਟੀ ਜਿਹੀ ਹੈਂ ਜੀ, ਓਹ ਕਾਨਿਆਂ ਜਿਹਾਂ ਦੀ, ਹੈਂ ਜੀ, ਵਿੱਚ ਇੱਕ ਮੰਜਾ ਡਿਠਾ ਆ ਹੁੰਦਾ ਸੀ ਭਾਂਡੇ ਰਖੇ ਹੁੰਦੇ ਸੀ।

**ਬਾਬਾ ਜੀ** : ਭਾਂਡੇ ਰੱਖੇ ਏ ਸੀ ਉਦੋਂ ਦੀ ਗੱਲ ਆ।

**ਸੇਵਾ ਸਿੰਘ ਜੀ** : ਉਹ ਤੋਂ ਬਾਅਦ ਫੇਰ ਕਿੰਨਾ ਕੁ ਚਿਰ ਛੰਨ ਤੋਂ ਬਾਅਦ ਬਣਾਈ ਜੀ



ਗੁਫਾ?

**ਬਾਬਾ ਜੀ** : ਛੰਨ ਤੋਂ ਬਾਅਦ ਸਾਲ ਈ ਹੋ ਗਿਆ ਹੋਣਾ, ਘੱਟ ਵੱਧ ਥੋੜਾ ਪਰ ਸਾਲ ਈ ਸਮਝੋ।

**ਸੇਵਾ ਸਿੰਘ ਜੀ** : ਇੱਕ ਇਹ ਦੱਸੋ, ਮਾਸਟਰ ਕਾਬਲ ਸਿੰਘ ਹੁਣੀ ਤੁਹਾਡੇ ਨਾਲ ਕਾਫੀ ਚਿਰ ਦੇ, ਇਹ ਕਦੋਂ ਦੇ?

**ਬਾਬਾ ਜੀ** : ਇਹ ਪਹਿਲਾਂ ਦੇ ਜਦੋਂ ਛੋਟੇ ਹੁੰਦੇ ਸੀ ਪਹਿਲਾਂ ਏਥੇ ਕਰ ਗਿਆ ਸੀ ਨਾ ਪਾਠ, ਉਦੋਂ ਦਾ ਇਹ ਪ੍ਰੇਮੀ ਸੀ ਨਿਆਣਾ ਹੁੰਦਾ ਸੀ, ਫੇ ਉਹ ਜਿਸਲੇ ਏਥੇ ਆ ਗਿਆ ਤਾਂ ਫੇਰ ਤਾਂ ਏਹਨੂੰ ਉਹ ਯਾਦ ਸੀ ਨਿੱਕੇ ਹੁੰਦੇ ਦੀ।

**ਸੇਵਾ ਸਿੰਘ ਜੀ** : ਹਾਂ ਪਈ, ਏਥੇ ਰਹਿੰਦੇ ਆ ਸੰਤ।

**ਬਾਬਾ ਜੀ** : ਆਹੋ ਫੇਰ ਬੜਾ ਪ੍ਰੇਮ ਕਰਨਾ ਇਹਨੇ , ਏਨ ਆ ਜਾਣਾ, ਫੇਰ ਤੁਹਾਡੀ ਵੀ ਨਾਲ ਈ ਉਦੋਂ ਮੇਲ ਮਿਲਾਪ ਹੋ ਗਿਆ।

**ਸੇਵਾ ਸਿੰਘ ਜੀ** : ਅੱਛਾ! ਇਹਤੋਂ ਬਾਅਦ ਫੇਰ, ਏਥੋਂ, ਪਹਿਲਾਂ ਛੰਨ ਜੇਹੀ ਬਣੀ ਛੋਟੀ ਜੇਹੀ, ਉਹ ਤੋਂ ਬਾਅਦ ਫੇਰ ਗੁਫਾ ਬਣਾਈ?

**ਬਾਬਾ ਜੀ** : ਗੁਫਾ ਬਣਾਈ, ਤਾਂ ਉਹ ਸੰਗਤ ਨੇ, ਉਹ ਕੱਢ ਕੇ ਏਹਦੇ ਵਿੱਚੋ, ਮਿੱਟੀ ਕੱਢ ਦਿੱਤੀ ਸੀ।

**ਬਾਬਾ ਜੀ** : ਨਾਲ ਈ ਬਰਾਂਡਾ।

**ਸੇਵਾ ਸਿੰਘ ਜੀ** : ਪੱਕੀ ਗੁਫਾ ਬਣ ਗਈ?

**ਬਾਬਾ ਜੀ** : ਪੱਕੀ ਗੁਫਾ ਬਣ ਗਈ।

**ਸੇਵਾ ਸਿੰਘ ਜੀ** : ਅੱਛਾ ਜੀ।

**ਬਾਬਾ ਜੀ** : ਪੱਕੀ ਗੁਫਾ ਬਣੀ ਤਾਂ ਫਿਰ ਏਥੇ ਜਿਹੜੇ ਬਣਾਉਂਦੇ ਸੀ ਮਿਸਤਰੀ, ਉਨ੍ਹਾਂ ਨੇ ਬਹੁਤ ਪ੍ਰੇਰਨਾ ਦਿੱਤੀ ਪਈ ਤੁਸੀਂ, ਏਥੇ ਪਈ ਕਰੋ ਪਾਠ, ਤਾਂ ਮੈਂ ਇਸ ਗੱਲ ਵਿਚ ਆਉਣਾ ਨਹੀਂ ਸੀ ਚਾਹੁੰਦਾ, ਜਦੋਂ ਏਹ ਮੈਂ ਆਣ ਕੇ ਏਥੇ ਬੈਠਾ ਆ ਨਾਂ ਪਹਿਲਾਂ, ਉਸ ਛੰਨ ਦੇ ਵਿੱਚ, ਤਾਂ ਚਾਲੀ ਦਿਨ ਮੈਂ ਚੁੱਪ ਕਰਕੇ ਪਾਠ ਕੀਤਾ ਇੱਕ ਸ਼ਬਦ ਦਾ।

**ਸੇਵਾ ਸਿੰਘ ਜੀ** : ਏਸ ਛੰਨ ਵਿੱਚ, ਜਿਹੜੀ ਪਹਿਲਾਂ ਬਣੀ ਈ ਸੀਗੀ?

**ਬਾਬਾ ਜੀ** : ਉਸੇ ਛੰਨਦੇ ਦੇ ਵਿੱਚ ਈ, ਪਹਿਲਾਂ ਛੰਨ ਦੇ ਵਿੱਚ ਤਾਂ ਦਿਲ ਵਿੱਚ ਪੱਕੀ ਰੱਖੀ ਈ ਸੀ, ਪਈ ਕਿਸੇ ਤੋਂ ਰੋਟੀ ਮੰਗਣੀ ਨਹੀਂ। ਇਹ ਤੋਂ ਬਾਅਦ ਚਾਲੀ ਦਿਨ ਕੋਈ, ਆਹ ਕੁੱਟ ਕੇ ਰੱਖਦੇ ਸੀ ਅਲਸੀ ਜੇਹੀ, ਉਹ ਛੱਕ ਲੈਣੀ, ਤਾਂ ਬਸ ਪਾਣੀ ਪੀ ਲੈਣਾ,

ਤਾਂ ਖਾਣਾ ਹੋਰ ਕੋਈ ਨਾ, ਨਾ ਕਿਤੇ ਬਾਹਰ ਜਾਣਾ, ਤੇ ਉਹ ਚਾਲੀਆਂ ਦਿਨਾ ਦੇ ਵਿੱਚੇ ਵਿੱਚ ਈ, ਉਹ ਕਿਤੇ ਲੱਗਾ ਪਤਾ ਲਾਭ ਸਿੰਘ ਨੂੰ, ਬਾਹਲਿਆਂ ਆਲੇ ਨੂੰ, ਏਨ ਫੇਰ ਆਣ ਕੇ ਮੈਨੂੰ, ਅਖਰ ਲਿਖ ਕੇ ਦੱਸੇ ਪਈ ਤੁਸੀਂ ਪਾਠ ਕਿੰਨਾ ਚਿਰ ਕਰੋਗੇ? ਚੁਪ ਕਿੰਨਾ ਚਿਰ ਰਹਿਣਾ? ਤਾਂ ਮੈਂ ਉਹਨੂੰ ਦੱਸਿਆ ਪਈ ਏਨਾ ਚਿਰ ਰਹਿਣਾ।

**ਸੇਵਾ ਸਿੰਘ ਜੀ** : ਲਿਖ ਕੇ ਦੱਸਿਆ?

**ਬਾਬਾ ਜੀ** : ਲਿਖ ਕੇ ਦੱਸਿਆ?

**ਸੇਵਾ ਸਿੰਘ ਜੀ** : ਅੱਛਾ ਜੀ।

**ਬਾਬਾ ਜੀ** : ਤਾਂ ਫੇਰ ਇਹ ਕਹਿੰਦਾ ਪਈ, ਇਹ ਤੇ ਭੋਗ ਤੋਂ ਬਾਅਦ ਫਿਰ ਜਗ ਪ੍ਰਸ਼ਾਦਿ ਵੀ ਕਰਨਾ ਕਿ ਨਹੀਂ, ਮੈਨੂੰ ਦੱਸਿਆ, ਲਿਖ ਕੇ ਦਿੱਤਾ ਮੈਂ ਉੱਤੇ ਲੀਕ ਮਾਰ ਦਿੱਤੀ। ਮੈਂ ਕਿਹਾ ਕੁਛ ਨਹੀਂ ਕਰਨਾ, ਤਾਂ ਇਹ ਵੀ ਦੱਸ ਦਿੱਤਾ ਪਈ ਨਹੀਂ, ਤੇ ਫਿਰ ਲਿਖ ਦਿੱਤਾ ਪਈ ਨਹੀਂ ਕਰਨਾ ਕੁਛ, ਉਹ ਪਤਾ ਸੀ ਏਹਨੂੰ ਭੋਗ ਆਲੇ ਦਿਨ ਇਹ ਵੀ ਆ ਗਿਆ, ਆ ਗਿਆ, ਬਾਵਾ ਸਿੰਘ ਆ ਗਿਆ ਹੋਰ ਇੱਕ ਦੋ ਆਦਮੀ ਆ ਗਏ ਤਾਂ ਫਿਰ ਅਰਦਾਸ ਬੇਨਤੀ ਕੀਤੀ, ਤੇ ਇਹ ਫਿਰ ਕਹਿੰਦਾ ਮਹਾਰਾਜ ਪਈ ਅੰਨ ਪਾਣੀ ਤਿਆਰ ਕਰਨੇ ਆ।

**ਸੇਵਾ ਸਿੰਘ ਜੀ** : ਓਨੇ ਦਿਨ ਪ੍ਰਸ਼ਾਦਾ ਨਹੀਂ ਛਕਿਆ ਤੁਸੀਂ ਚਾਲੀ ਦਿਨ?

**ਬਾਬਾ ਜੀ** : ਨਾ, ਪ੍ਰਸ਼ਾਦਾ ਨਹੀਂ ਛਕਿਆ।

**ਸੇਵਾ ਸਿੰਘ ਜੀ** : ਸਿਰਫ ਅਲਸੀ ਜਾਂ ਥੋੜਾ ਬਹੁਤ ਜਲ ਛਕ ਲੈਣਾ?

**ਬਾਬਾ ਜੀ** : ਹਾਂ ਜੀ, ਤਾਂ ਫੇਰ ਇਹ ਮੈਨੂੰ ਕਹੇ ਪਈ ਚਲੋ ਤਾਂ ਮੈਂ ਕਹਾਂ ਮੈਂ ਤਾਂ ਨਹੀਂ ਜਾਣਾ।

**ਸੇਵਾ ਸਿੰਘ ਜੀ** : ਆਮ ਤੁਹਾਡਾ ਖਿਆਲ ਸੀ ਪਈ ਪਿੰਡ ਜਾ ਕੇ ਪ੍ਰਸ਼ਾਦਾ ਨਹੀਂ ਛਕਣਾ?

**ਬਾਬਾ ਜੀ** : ਨਹੀਂ, ਪਈ ਮੰਗਣਾ ਨਹੀਂ ਕਿਸੇ ਤੇ, ਪਿੰਡ ਜਾ ਕੇ ਫਿਰ ਆਏ, ਤਾਂ ਕਿਸੇ ਕਿਹਾ ਆਉ ਜੀ ਤੁਸੀਂ ਛਕ ਲਉ, ਛਕ ਲਿਆ ਤਾਂ ਆਪਣਾ ਫਰਜ ਪੂਰਾ ਕਰ ਆਉਣਾ, ਪਿੰਡ ਤਾਈਂ ਹੋ ਆਉਣਾ।

**ਸੇਵਾ ਸਿੰਘ ਜੀ** : ਆਤਮਾ ਦੀ ਅਵਾਜ਼ ਜਿਹੜੀ ਕਿ।

**ਬਾਬਾ ਜੀ** : ਮੰਗਣਾ ਨਹੀਂ ਕਿਸੇ ਤੇ, ਇਹ ਨਾ ਹੀ ਕਿਸੇ ਦੇ ਘਰ ਤੋਂ ਖਾਣਾ ਈ ਆ, ਉਹ, ਇਹ ਫੇਰ ਜਿਆਦਾ ਈ ਸਾਰੀ ਸੰਗਤ ਨੇ ਵੀ ਕਿਹਾ ਪਈ ਤੁਸੀਂ ਜਾ ਆਉ, ਪਈ ਤਿਆਰ ਕਰਿਆ ਆ ਪ੍ਰਸ਼ਾਦਾ, ਫੇ ਮੈਂ ਨਾਲ ਚਲਾ ਗਿਆ ਇਹ ਮੈਂ ਵਾਅਦਾ ਕਰ ਲਿਆ ਕਿ ਮੁੜ ਕੇ ਨਹੀਂ ਮੈਂ ਆਉਣਾ ਭਲਕੇ ਤੂੰ ਕਹੇਂ ਭਲਕੇ ਆਊਂ।



**ਸੇਵਾ ਸਿੰਘ ਜੀ** : ਲਾਭ ਸਿੰਘ ਨੂੰ ਕਿਹਾ?

**ਬਾਬਾ ਜੀ** : ਲਾਭ ਸਿੰਘ ਨੂੰ, ਫਿਰ ਮੈਂ ਛਕ ਕੇ ਆ ਗਿਆ, ਕੁਝ ਦਿਨਾਂ ਬਾਅਦ ਫਿਰ ਇਹ ਆ ਗਿਆ, ਤੇ ਆਣ ਕੇ ਕਹਿੰਦਾ ਪਈ ਜੀ, ਅਸੀਂ ਪੰਜ ਚਾਰ ਹੋਰ ਨਾਲ ਲੈ ਆਇਆ ਸੰਗਤ ਬਣ ਕੇ ਆਏ ਆਂ, ਤੁਹਾਨੂੰ ਜਰੂਰ ਅਸੀਂ ਅੰਨ ਪਾਣੀ ਆਪਣੇ ਘਰ ਛਕਾਉਣਾ, ਫਿਰ ਮੈਂ ਕਿਹਾ ਪਈ ਸੰਗਤ ਗੁਰੂ ਰੂਪ ਆ, ਤੇ ਸੰਗਤ ਦਾ ਬਚਨ ਮੰਨਣਾ ਵੀ ਜ਼ੂਰਰੀ ਆ, ਫਿਰ ਮੈਂ ਇਨ੍ਹਾਂ ਦੇ ਘਰ ਪ੍ਰਸ਼ਾਦ ਛਕਦੇ ਰਹੇ।

**ਸੇਵਾ ਸਿੰਘ ਜੀ** : ਲਾਭ ਸਿੰਘ ਹੁਣਾ ਦੇ?

**ਬਾਬਾ ਜੀ** : ਲਾਭ ਸਿੰਘ ਹੁਣਾ ਦੇ। ਫੇਰ ਕੁਛ ਏਹਨਾ ਦੇ ਛਕਦੇ ਰਹੇ ਬਾਹਰ ਫਿਰ ਕੇ, ਤੁਹਾਡੇ ਘਰ ਛੱਕਣ ਲਗ ਪਏ। ਏਦਾਂ ਹੌਲੀ ਹੌਲੀ ਮਹਾਂਰਾਜ, ਹੁਣ ਤਾਈਂ ਸੇਵਾ ਹੁੰਦੀ ਕਰੀ ਜਾਂਦੇ ਆ ਤੇ ਫੇਰ ਇਹ ਗੁਫਾ ਬਣੀ ਤੇ ਫੇਰ ਇਹ ਅਖੰਡ ਪਾਠ ਆਰੰਭ ਕੀਤਾ।

**ਸੇਵਾ ਸਿੰਘ ਜੀ** : ਗੁਫਾ ਵਿਚ ਵੀ ਤੁਸੀਂ ਮੇਰਾ ਖਿਆਲ ਏ, ਸਾਧਨ ਕੀਤਾ ਕਾਫੀ?

**ਬਾਬਾ ਜੀ** : ਕੀਤਾ ਸਾਧਨ ਕਾਫੀ, ਬਹੁਤ ਸਾਧਨ ਕਰਦੇ ਰਹੇ ਆ।

**ਸੇਵਾ ਸਿੰਘ ਜੀ** : ਮਹਾਂਰਾਜ ਜਿਹੜੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆਂਦੀ ਇਹ ਏਥੇ ਲਿਆਂਦੀ?

**ਬਾਬਾ ਜੀ** : ਏਥੇ ਲਿਆਂਦੀ।

**ਸੇਵਾ ਸਿੰਘ ਜੀ** : ਏਥੇ ਫਿਰ ਪ੍ਰਕਾਸ਼ ਕਰਦੇ ਰਹੇ?

**ਬਾਬਾ ਜੀ** : ਪ੍ਰਕਾਸ਼ ਕਰਦੇ ਰਹੇ ਤੇ ਬਾਲਣ ਨੂੰ ਤੇਲ।

**ਸੇਵਾ ਸਿੰਘ ਜੀ** : ਆਪ ਆਰਾਮ ਕਿੱਥੇ ਕਰਦੇ ਹੁੰਦੇ ਸੀ ਉਦੋਂ ਫਿਰ?

**ਬਾਬਾ ਜੀ** : ਆਰਾਮ ਬਾਹਰ ਕਰਦੇ ਸੀ।.

**ਸੇਵਾ ਸਿੰਘ ਜੀ** : ਬਾਹਰ ਛੰਨ ਕੱਖਾਂ ਦੀ?

**ਬਾਬਾ ਜੀ** : ਜੇ ਹੋਵੇ, ਜੇ ਮੀਂਹ ਪਾਣੀ ਹੋਵੇ ਤਾਂ ਬਰਾਂਡੇ ਵਿਚ, ਨਹੀਂ ਤਾਂ ਇੱਧਰ ਪਰ੍ਹਾਂ, ਉੱਥੇ ਨਹੀਂ ਸੀ ਲੰਮੇ ਪੈਂਦੇ।

**ਸੇਵਾ ਸਿੰਘ ਜੀ** : ਗੁਫਾ ਵਿਚ ਵੀ ਕੋਈ ਸਾਧਨ ਕੀਤਾ?

**ਬਾਬਾ ਜੀ** : ਬਹੁਤ ਕੀਤੇ ਜੀ।

**ਸੇਵਾ ਸਿੰਘ ਜੀ** : ਕਿਹੜਾ ਕੀਤਾ ਜੀ?

**ਬਾਬਾ ਜੀ** : ਮੈਨੂੰ-

**ਸੇਵਾ ਸਿੰਘ ਜੀ** : ਇੱਕ ਵਾਰੀ ਤੁਸੀਂ ਉਹ ਦੱਸਿਆ ਸੀ ਪਈ ਐਸ ਤਰ੍ਹਾਂ ਕਰਕੇ ਚਾਲੀ ਦਿਨ ਦਾ ਨਿਯਮ ਕੀਤਾ ਸੀਗਾ, ਆਹ ਪਈ ਕੁਛ ਨਹੀਂ ਖਾਣਾ ਪਈ ਮਹਾਰਾਜ ਦੇ?

**ਬਾਬਾ ਜੀ** : ਉਹ ਸਾਧਨ ਏਹ ਉਹ ਕੀਤਾ ਸੀ ਪਈ, ਛਕਣਾ ਈ ਕੁਛ ਨਹੀਂ, ਪਈ ਚਾਲੀ ਦਿਨ ਛਕਣਾ ਕੁਛ ਨਹੀ। ਮਹਾਂਰਾਜ ਕਹਿੰਦੇ ਪਈ "**ਮਿਰਤਕ ਕਉ ਜੀਵਾਲਨਹਾਰ ਭੂਖੇ ਕਉ ਦੇਵਤ ਅਧਾਰ**" ਕਿ ਦੇਖੀਏ, ਪਈ ਆਧਾਰ ਮਹਾਂਰਾਜ ਦੇ ਦਿੰਦੇ ਕਿ ਨਹੀਂ। ਤੇ ਇਹ ਪੱਕੀ ਗੱਲ ਆ ਪਈ ਖਾਣਾ ਕੁਛ ਨਹੀਂ, ਤਾਂ ਓ ਆਹ ਵਾਕਫੀਅਤ ਚੰਗੀ ਵਾਕਿਫ ਚੰਗਾ ਹੋ ਗਿਆ ਸੀ।

**ਸੇਵਾ ਸਿੰਘ ਜੀ** : ਖੂਹ ਆਲਿਆਂ ਨਾਲ?

**ਬਾਬਾ ਜੀ** : ਹਾਂ ਜੀ।

**ਸੇਵਾ ਸਿੰਘ ਜੀ** : ਸੁਰਜੀਤ ਸਿੰਘ ਹੁਰਾਂ ਨਾ?

**ਬਾਬਾ ਜੀ** : ਸੁਰਜੀਤ ਸਿੰਘ ਨੂੰ ਮੈਂ ਆਖਿਆ ਪਈ ਤੂੰ, ਇਹ ਹੋਰਨਾਂ ਨਾਲੋਂ ਜਿਆਦਾ ਖਿਆਲ ਆਲਾ ਆਦਮੀ ਆ, ਇਹਨੂੰ ਮੈਂ ਕਿਹਾ ਕਿ ਤੂੰ ਕਾਕਾ ਖਿਆਲ ਰੱਖੀਂ, ਜੇ ਤਾਂ ਮੈਂ, ਕਾਇਮ ਰਿਹਾ ਤਾਂ ਠੀਕ ਆ, ਜੇ ਸਰੀਰ ਛੁੱਟ ਗਿਆ, ਤਾਂ ਅੰਦਰੋਂ ਇਹ ਬਾਹਰੋਂ ਬੂਹਾ ਏਦਾਂ ਖੁਲ੍ਹ ਜਾਂਦਾ, ਤਰੀਕੇ ਨਾਲ ਖੁਲ੍ਹ ਜਾਂਦਾ ਸੀ ਉਹੋ, ਏਹਨੂੰ ਮੈਂ ਦੱਸਿਆ ਪਈ ਅੰਦਰੋਂ ਮੈਂ ਮਾਰ ਲੈਣਾ ਤਾਂ ਕਿਸੇ ਨੂੰ ਪਤਾ ਨਹੀਂ ਖੋਲ੍ਹਣੇ ਦਾ, ਤਾਂ ਐਦਾਂ ਖੋਲ੍ਹ ਲਈ, ਤਾਂ ਇਹਦੇ ਦਿਲ ਨੂੰ ਔਖੀ ਹੋਈ, ਚਿਹਰਾ ਇਹਦਾ ਹੋਰ ਤਰ੍ਹਾਂ ਦਾ ਹੋ ਗਿਆ, ਪਈ, ਹੱਦ ਹੋ ਗਈ ਖਰੇ ਮਰੇ ਈ ਜਾਣਾ ਤਾਂ ਕੁਛ ਦਿਨ ਏਦਾਂ ਰਿਹਾ ਤਾਂ ਫਿਰ ਇਹ ਕਾਇਮ, ਤਾਂ ਫਿਰ ਇੰਨ ਦਿਲ ਵਿੱਚ ਮੰਨ ਲਿਆ ਕਿ ਠੀਕ ਆ, ਤਾਂ ਫੇਰ ਮਹਾਰਾਜ ਦੀ ਕ੍ਰਿਪਾ ਹੋਈ ਜਾਂ ਚਾਲੀ ਦਿਨ ਜੀ, ਰੂਹ ਈ ਨਹੀਂ ਕੀਤੀ, ਪਈ ਅੰਦਰੋਂ ਅਵਾਜ਼ ਈ ਨਹੀਂ ਆਈ, ਪਈ ਪਾਣੀ ਦੇਹ ਜਾਂ ਰੋਟੀ ਦੀ।

**ਸੇਵਾ ਸਿੰਘ ਜੀ** : ਅੱਛਾ ਜੀ! ਚਾਲੀ ਦਿਨ ਕੁਛ ਨਹੀਂ ਛਕਿਆ?

**ਬਾਬਾ ਜੀ** : ਚਾਲੀ ਦਿਨ ਜੀ ਐਸਾ ਮਹਾਰਾਜ ਜੀ ਨੇ ਕ੍ਰਿਪਾ ਕੀਤੀ ਪਈ, ਅੰਦਰੋਂ ਭੁੱਖ ਆਵੇ ਤਾਂ ਮੰਗੇ ਆਦਮੀ, ਜੇ ਅੰਦਰੋਂ ਮੰਗਿਆ ਈ ਨਹੀਂ ਆਵਾਜ ਈ ਨਹੀਂ ਆਈ। ਐਸੀ ਮਹਾਰਾਜ ਜੀ ਨੇ ਕ੍ਰਿਪਾ ਕੀਤੀ ਪਈ ਸਿਰੇ ਦੀ ਇਹ ਕ੍ਰਿਪਾ ਹੋਈ।

**ਸੇਵਾ ਸਿੰਘ ਜੀ** : ਉਂਜ ਨਿਕਲਦੇ ਵੀ ਸੀ ਜੀ? ਰਾਤ ਨੂੰ ਨਿਕਲਦੇ ਹੋਣੇ?

**ਬਾਬਾ ਜੀ** : ਨਿਕਲ ਪੈਂਦੇ ਸੀ ਰਾਤ ਨੂੰ, ਫਿਰ ਤੁਰ ਲੈਂਦੇ ਸੀ, ਮਹਾਰਾਜ ਦੀ ਕ੍ਰਿਪਾ ਨਾਲ ਕੁਛ ਤਕਲੀਫ ਨਹੀਂ ਸੀ।

**ਸੇਵਾ ਸਿੰਘ ਜੀ** : ਇਹਦਾ ਮਤਲਬ ਪਈ ਸਹੀ ਕਰ ਲਿਆ ਕਿ ਮਹਾਰਾਜ "ਭੂਖੇ ਕਉ



ਦੇਵਤ ਆਧਾਰ" ?

**ਬਾਬਾ ਜੀ** : ਹਾਂ ਹਾਂ, ਆਧਾਰ ਦੇ ਦਿੱਤਾ ਜੀ ਪੂਰਾ ਪੂਰਾ, ਪੂਰਾ ਪੂਰਾ ਕੋਈ ਰੱਤੀ ਭਰ ਫਰਕ ਨਹੀਂ।

**ਸੇਵਾ ਸਿੰਘ ਜੀ** : ਠੀਕ ਆਂ ਜੀ, ਸਰੀਰ ਵਿਚ ਜੀ ਕੋਈ।

**ਬਾਬਾ ਜੀ** : ਨਾ, ਕੋਈ ਊਣਤਾ ਨਹੀਂ ਬੜੇ ਸੋਹਣੇ ਰਹੇ ਆਂ।

**ਸੇਵਾ ਸਿੰਘ ਜੀ** : ਅੱਛਾ ਜੀ! ਇਹਤੋਂ ਬਾਅਦ ਫਿਰ ਆਪਣੇ ਕਾਬਲ ਸਿੰਘ ਜਿਹੜਾ ਇਹ ਆਉਂਦਾ ਜਾਂਦਾ ਹੋਣਾ।

**ਬਾਬਾ ਜੀ** : ਆਉਂਦਾ ਜਾਂਦਾ ਰਿਹਾ, ਕਾਬਲ ਸਿੰਘ ਆਉਂਦਾ ਜਾਂਦਾ ਰਿਹਾ।

**ਸੇਵਾ ਸਿੰਘ ਜੀ** : ਫੇਰ ਇਹ ਪੜ੍ਹਣ ਬਾਅਦ, ਫੇ।

**ਬਾਬਾ ਜੀ** : ਫੇਰ ਓਹੀ ਲਗ ਪਿਆ ਤਾਂ ਬਾਅਦ ਫੇ ਛੱਡ ਕੇ ਫੇ ਏਥੇ ਭਜਨ ਬੰਦਗੀ ਕਰਦਾ ਰਿਹਾ।

**ਸੇਵਾ ਸਿੰਘ ਜੀ** : ਅੱਛਾ ਜੀ।

**ਬਾਬਾ ਜੀ** : ਕਰਦਿਆਂ ਕਰਦਿਆਂ, ਫੇਰ ਏਹਨੂੰ ਕੁਛ ਅੰਦਰੋਂ ਪ੍ਰਕਾਸ਼ ਹੋ ਗਿਆ, ਸੁਰਤੀ ਜਦ ਚੜ੍ਹਨੀ ਤਾਂ ਏਨੇ ਡਰਨਾ, ਤਾਂ ਮੈਂ ਏਹਨੂੰ ਕਿਹਾ ਤੂੰ, ਮੇਰੇ ਤਜਰਬੇ ਚਿ, ਮੈਂ ਤੇਰੇ ਲਾਗੇ ਆਂ, ਤੂੰ ਚੜ ਜਾ ਅੱਗੇ ਇਹ ਗੱਲ ਆ ਮੈਂ ਮਰ ਜਾਵਾਂ, ਹੁਣ ਮੈਂ ਨਹੀਂ ਡਰਨ-ਹੁਣ ਨਹੀਂ ਪਈ ਮੈਂ ਇਸ ਗੱਲ ਤੋਂ ਨਾਂਹ ਕਰਨੀ, ਓਹ ਐਸੀ ਕਿਰਪਾ ਹੋਈ ਫਿਰ ਮਹਾਰਾਜ ਦੀ-ਫਿਰ ਚੜ੍ਹ ਗਈ, ਤਿੰਨ ਘੰਟੇ ਜੀ ਫੇਰ ਐਨ ਅਡੋਲ ਬੈਠਾ ਰਿਹਾ, ਬਸ ਫੇਰ, ਓਹ ਮਹਾਰਾਜ ਜੀ ਦੇ ਦਰਸ਼ਨ ਹੋ ਗਏ-ਪ੍ਰਕਾਸ਼ ਹੋ ਗਿਆ, ਮਹਾਂਰਾਜ ਜੀ ਨੇ ਦਰਸ਼ਨ ਵੀ ਨਾਲ ਦੇ ਤੇ, ਤਾਂ ਇਹ ਬੜੀ ਗੱਲ ਸੀ, ਦਸਤਾਰਾ ਸੀਗਾ ਗੋਲ, ਦਸਤਾਰ ਏਦਾਂ ਗੋਲ ਦਸਤਾਰਾ।

**ਸੇਵਾ ਸਿੰਘ ਜੀ** : ਮਹਾਰਾਜ ਜੀ ਦਾ।

**ਬਾਬਾ ਜੀ** : ਹਾਂ ਜੀ, ਤੇ ਫੇਰ ਕੁਦਰਤ ਮਹਾਰਾਜ ਦੀ ਐਸੀ ਸਵੇਰ ਨੂੰ ਮੈਂ ਦੇਖਾਂ, ਨਹੀਂ ਤਾਂ ਲਗਨ ਈ ਲੱਗੀ ਰਹਿੰਦੀ ਆ ਓਸੇ ਪਾਸੇ ਨੂੰ।

**ਸੇਵਾ ਸਿੰਘ ਜੀ** : ਜਿਹਨੂੰ ਐਨਾ ਰੱਸ-ਐਨਾ,

**ਬਾਬਾ ਜੀ**: ਐਨਾ-ਗੱਲ ਬਣ ਜਾਏ ਏਹਨੂੰ ਹੋਰ ਪਾਸਾ ਭੁਲ ਜਾਂਦਾ, ਪਈ ਏਹਨੂੰ ਉਹ ਨਾ।

**ਸੇਵਾ ਸਿੰਘ ਜੀ** : ਅੱਛਾ ਜੀ! ਬਹੁਤੀ ਖਿੱਚ ਨਹੀਂ।

**ਬਾਬਾ ਜੀ** : ਓਨੀ ਖਿੱਚ ਨਾ ਜਿੰਨੀ ਚਾਹੀਦੀ ਸੀ ਉਹ ਨਾ, ਤਾਂ ਫਿਰ ਜਿਹਲੇ ਬਹਿਣਾ

ਚੜ੍ਹ ਤਾਂ ਜਾਣੀ ਸੁਰਤੀ, ਪਰ ਉਹ ਨਹੀਂ, ਅਸਲ ਦੇ ਵਿੱਚ ਮੈਂ ਘੁਲਣਾ, ਮੈਂ ਖੇਲਣਾ, ਮੈਂ ਤਕੜੇ ਹੋਣਾ, ਆਹ ਇਹ ਬਣੀ ਰਹੀ।

**ਸੇਵਾ ਸਿੰਘ ਜੀ** : ਮੁੰਡਿਆਂ ਆਲੀ ਲੱਗਨ।

**ਬਾਬਾ ਜੀ** : ਹਾਂ ਬਸ ਫੇ ਜੇ ਇਹ ਨਾ ਹੁੰਦੀ ਤਾਂ ਫੇ ਤਾਂ ਹੱਦ ਹੋ ਜਾਂਦੀ।

**ਸੇਵਾ ਸਿੰਘ ਜੀ** : ਫਿਰ ਉਹ ਤੋਂ ਬਾਅਦ ਇਹ ਆਪਣੇ।

**ਬਾਬਾ ਜੀ** : ਫਿਰ ਓਹ ਓਥੇ ਵਿਆਹ, ਮੰਗਿਆ ਆ ਸੀ ਅਜੇ, ਮੰਗ ਛੱਡ ਦਿੱਤੀ, ਤਾਂ ਫੇ ਏਹਦਾ ਬਾਪ ਮੈਨੂੰ ਐਥੇ ਕੋਲ ਬੈਠਾ ਸੀ ਆ ਕਹਿੰਦਾ ਪਈ ਤੁਸੀਂ ਜੇ ਨਹੀਂ ਤੈਂ ਵਿਆਹ ਕਰਾਉਣਾ ਤਾਂ ਉਕਾ ਹੀ ਛੱਡ ਦੇਹ, ਸੰਤਾਂ ਦੇ ਕੋਲ ਬਹਿ ਜਾਹ, ਫੇ ਅਸੀਂ ਸੇਵਾ ਕਰਾਂਗੇ ਤੇਰੀ, ਫਿਰ ਉਹਨਾਂ ਦੇ ਕਲ ਕੋਲ ਜਾਵਾਂਗੇ, ਇਹ ਫੇ ਚੁੱਪ ਹੀ ਕਰ ਰਿਹਾ, ਚੁੱਪ ਕਰ ਰਿਹਾ ਤਾਂ, ਓਥੇ, ਸਰਗੋਧੇ ਅਮਰ ਕੌਰ ਜੋ ਹੈ ਏਹਦੇ ਘਰੋਂ ਆਂ, ਅਮਰ ਕੌਰ ਕਾਬਲ ਸਿਉਂ ਦਿਉਂ, ਇਹ ਓਥੇ ਮੇਰੇ ਕੋਲ ਪਾਠ ਕਰਦੀ, ਬਾਣੀ ਪੜ੍ਹਦੀ ਹੁੰਦੀ ਸੀ, ਪੜ੍ਹਦੀ ਪੜ੍ਹਦੀ ਫੇਰ ਸਿਆਣੀ ਹੋ ਗਈ, ਘਰ ਦਿਆਂ ਨੇ ਮੰਗ ਦਿੱਤੀ, ਮੰਗ ਹੋ ਗਈ ਇਹ ਸ਼ਰਾਬੀਆਂ ਦੇ ਘਰ, ਪੈਸਾ ਧੇਲਾ ਬੜਾ ਸੀ, ਤਾਂ ਫੇਰ ਏਨ ਨਾਂਹ ਕਰ ਦਿੱਤੀ ਪਈ, ਮੈਂ ਨਹੀਂ ਵਿਆਹ ਕਰਾਉਣਾ, ਤਾਂ ਫੇ ਮੈਨੂੰ ਏਨ ਚਿੱਠੀ ਪਾਈ, ਮੈਨੂੰ ਚਿੱਠੀ ਪਾਈ ਤਾਂ, ਮੈਂ ਇਹਨੂੰ ਕੁੜੀ ਦੀ ਗੱਲ ਪੁੱਛੀ ਤਾਂ ਕਹਿੰਦੇ ਆਹ ਗੱਲ ਹੈਗੀ, ਮੈਂ ਨਹੀਓਂ ਵਿਆਹ ਕਰਾਉਣਾ, ਤਾਂ ਓਹ ਕਹਿਣ, ਪਈ! ਤੁਸੀਂ ਜਰੂਰ ਏਹਨੂੰ ਕਹੋ, ਪਈ ਲੜਕੀ ਦੀ ਤਾਂ ਨਹੀਂ ਚਲਣੀ ਇਨ ਕਿਹਾ ਪਈ ਤੁਸੀਂ ਮੈਨੂੰ ਆਖਿਓ ਨਾ, ਮੈਂ ਕਿਹਾ ਪਈ ਹੁਣ ਮੈਂ ਓਹ ਕਹਿੰਦੀ ਆਖਿਓ ਨਾ, ਇਹ ਕਹਿੰਦੇ ਕਹੇ ਜ਼ਰੂਰੀ, ਮੈਂ ਫੇਰ ਵਿਚਾਰ ਮਹਾਰਾਜ ਜੀ ਨੇ ਮੈਨੂੰ ਦੇ ਦਿੱਤੀ ਮੈਂ ਕਿਹਾ ਪਈ ਐਂ ਕਰੋ ਮਹਾਰਾਜ ਤੇ ਗੱਲ ਰੱਖ ਲਓ, ਜੇ ਤਾਂ ਆਗਿਆ ਦੇ ਦੇਣ ਮਹਾਰਾਜ ਪਈ ਲੜਕੀ ਵਿਆਹ ਕਰਾ ਲਏ, ਤਾਂ ਫੇ ਅਮਰ ਕੌਰੇ ਤੈਂ ਨਹੀਂ ਨਾਂਹ ਕਰਨੀ, ਤੇ ਜੇ ਨਾ ਦੇਣ ਤਾਂ ਪਈ ਤੁਸੀਂ ਵੀ ਫੇ ਨਹੀਂ ਇਹ ਨੂੰ ਜੋਰ ਪਾਉਣਾ ਇਹ ਮਹਾਰਾਜ ਤੇ ਰੱਖੋ, ਮੈਨੂੰ ਨਾ ਵਿਚ ਵੀ ਰੱਖੋ ਕਿਸੇ ਗੱਲ ਦੇ, ਇਹ ਸਲਾਹ ਦੋਨੋਂ ਈ ਮੰਨ ਗਏ, ਤਾਂ ਇਹ ਗੁਰਬਖਸ਼ ਸਿੰਘ, ਇਹਦਾ ਬਾਪ ਏਹੇ, ਤਾਂ ਏਹਦੀ ਦਾਦੀ ਸੀ, ਉਹ ਇਹ ਤਾਂ ਇਹ ਲੜਕੀ, ਤਾਂ ਅਸੀਂ ਮਹਾਰਾਜ ਦਾ ਵਾਕ ਲਿਆ, ਤਾਂ ਫੇ ਇਹ ਨਾ ਈ ਸ਼ਾਦੀ ਕਰਨ ਦਾ ਹੁਕਮ ਆ ਗਿਆ, ਫੇ ਹੱਟ ਗਏ, ਹੱਟ ਗਏ ਤਾਂ ਫਿਰ ਬੜਾ ਚੰਗਾ ਭਜਨ ਕਰਦੀ ਹੁੰਦੀ ਸੀ ਤਾਂ ਮਹਾਰਾਜ ਘਰ ਲੈ ਆਂਦਾ ਈ ਸੀ ਮਹਾਰਾਜ, ਤਾਂ ਚੁਬਾਰਾ ਸੀ ਤਾਂ ਚੁਬਾਰੇ ਉੱਤੇ ਏਨ ਫੇ ਭਜਨ ਬੰਦਗੀ ਕਰਨਾ, ਓਥੇ ਮਹਾਰਾਜ ਦਾ ਪ੍ਰਕਾਸ਼ ਕਰਨਾ, ਓਥੇ ਕਰਦੇ ਰਹਿਣਾ, ਫੇ ਕੁਝ ਚਿਰ ਹੋਇਆ ਤਾਂ ਫੇ ਆਹ ਅਦਲਾ ਬਦਲੀ ਹੋਈ ਆਂ, ਤਾਂ ਫੇਰ, ਏਹਦੀ ਦੂਈ ਸੀ ਮਾਈ ਓਹ, ਇਹਦੀ ਮਾਈ ਗੁਜਰ ਗਈ ਈ ਸੀ, ਤਾਂ ਦੂਈ ਸੀ ਵਿਆਹ ਦੀ। ਤਾਂ ਉਹ ਦਾਦੀ ਇਹਦੀ ਗੁਜਰ



ਗਈ, ਵਾਟੇ ਆਉਂਦਿਆਂ ਈ, ਗੁਜਰ ਗਈ ਤਾਂ ਓਹ ਫੇਰ ਜਿਆਦਾ ਤੰਗ ਕਰਨ ਲੱਗ ਪਈ, ਏਨ ਫੇ ਮੈਨੂੰ ਦੱਸਣਾ ਪਈ ਐਦਾਂ ਕਹਿੰਦੀ, ਐਦਾਂ ਕਹਿੰਦੀ, ਓਹ ਫੇ ਬਾਹਰ ਈ ਉਤੇ ਹੁੰਦੀ ਸੀ ਕੋਠੇ ਤੇ, ਤਾਂ ਨਾ ਔਖੀ, ਫੇ ਮੈਂ ਸੰਤ ਸਾਧੂ ਸਿੰਘ ਹੁਣਾ ਨੂੰ ਦੱਸਿਆ, ਮੈਂ ਕਿਹਾ ਪਈ ਜੇ ਹੁਣ ਇਹਨਾਂ ਦਾ ਦੀ ਬੰਦੋਬਸਤ ਕਰੀਏ, ਹੁਣ ਕਿਦਾਂ ਕੀਤੀ ਜਾਏ? ਇਹ ਮੈਨੂੰ ਕਹੇ ਪਈ ਮੈਨੂੰ ਓਥੇ ਲੈ ਜਾਓ ਜਾਂ ਧੌਲਪੁਰ ਲੈ ਚਲੋ, ਮੈਨੂੰ ਕਿਤੇ ਹੋਰਥੇ ਕਿਤੇ ਜਿੱਥੇ ਤੁਸੀਂ ਰਹਿਣਾ ਓਥੇ ਲੈ ਚਲੋ।

**ਸੇਵਾ ਸਿੰਘ ਜੀ** : ਭਾਈ ਕਾਬਲ ਸਿੰਘ ਹੁਰੀਂ ਕਹਿੰਦੇ?

**ਬਾਬਾ ਜੀ** : ਨਾਂ ਜੀ, ਲੜਕੀ, ਮੈਂ ਕਿਹਾ ਬੀਬੀ ਮੈਂ ਤੈਨੂੰ ਕਿਸ ਤਰ੍ਹਾਂ ਲਿਜਾ ਸਕਦਾ, ਇਹ ਤਾਂ ਭਾਵਾਂ ਤੂੰ ਮੈਂ ਤੈਨੂੰ ਆਪਣੀ ਲੜਕੀ ਸਮਝਦਾਂ, ਪਰ ਇਹ ਗਲ ਲੋਕਾਂ ਲਈ ਤਾਂ ਨਹੀਂ ਨਾ। ਇਹ ਤਾਂ ਬੜੀ ਬੇਜਤੀ ਦੀ ਗੱਲ ਆ, ਇਹ ਗੱਲ ਨਹੀਂ ਹੋ ਸਕਦੀ। ਤਾਂ ਤੇ ਫੇ ਸੰਤਾਂ ਨੇ ਕਿਹਾ ਪਈ ਤੁਸੀਂ ਕਾਬਲ ਸਿੰਘ ਨਾਲ ਵਿਆਹ ਕਰਾ ਦਿਓ ਏਹਦਾ, ਮੈਂ ਕਿਹਾ ਕਾਬਲ ਸਿੰਘ ਨਿਆਣਾ, ਇਹ ਸਿਆਣੀ ਆ, ਉਹ ਕਹਿੰਦਾ ਗੁਰਮੁਖਾਂ ਚਿ ਨਿਆਣਾ ਸਿਆਣਾ ਨਹੀਂ ਹੁੰਦਾ, ਤਾਂ ਤੁਸੀਂ ਵਿਆਹ ਕਰਾਉਣ ਦੀ ਗੱਲ ਕਰੋ। ਬਾਪ ਨੇ ਕਹਿ ਤਾ, ਕੁਦਰਤ ਮਹਾਰਾਜ ਦੀ ਕਹਿੰਦਾ ਪਈ ਜਿਹਲਾਂ ਇਹ ਅਮਰ ਕੌਰ, ਵਿਆਹ ਕਰਾਉਣਾ ਚਾਹੁੰਦੀ ਹੈ ਤਾਂ ਕਰਾ ਲਵੇ ਮੈਂ ਰਾਜੀ ਆਂ, ਤਾਂ ਤੁਸੀਂ ਪੁੱਛ ਲਓ, ਤਾਂ ਗੱਲ ਤੁਹਾਡੀ ਚੱਲ ਈ ਸੀ। ਮੈਂ ਕਿਹਾ ਅੱਛਾ ਪੁੱਛ ਲਵਾਂਗੇ। ਮੈਂ ਇਹ ਅੱਗੇ ਗੱਲ ਹੋਈ ਕਾਹਨੂੰ ਦੱਸਣਾ ਸੀ?

**ਸੇਵਾ ਸਿੰਘ ਜੀ** : ਤਾਂ ਫੇ ਮਤਲਬ ਵਿਆਹ ਇਨ੍ਹਾਂ ਦਾ ਹੋ ਗਿਆ?

**ਬਾਬਾ ਜੀ** : ਵਿਆਹ ਹੋ ਗਿਆ।

**ਸੇਵਾ ਸਿੰਘ ਜੀ** : ਫੇਰ ਇਹ ਭਜਨ ਬੰਦਗੀ ਕਰਦਾ ਰਿਹਾ ਤੁਹਾਡੇ ਪਾਸ ਜੀ?

**ਬਾਬਾ ਜੀ** : ਕਰਦਾ ਰਿਹਾ ਜੀ।

**ਸੇਵਾ ਸਿੰਘ ਜੀ** : ਫੇਰ ਉਹ ਤੋਂ ਬਾਅਦ ਏਹੇ–

**ਬਾਬਾ ਜੀ** : ਬਾਅਦ ਫੇਰ ਏਹ–

**ਸੇਵਾ ਸਿੰਘ ਜੀ** : ਹੁਣ ਤਾਂ ਮਾਸਟਰ ਬਣਿਆ।

**ਬਾਬਾ ਜੀ** : ਫੇ ਇਹ ਨਾ ਇਹ ਕਿਸੇ ਬੰਨੇ ਲਗਾ, ਨਾ ਲੱਗਾ ਤਾਂ ਫੇ ਮੈਂ ਕਿਹਾ ਪਈ, ਇਹ ਕਹੂ ਪਈ ਲੈ ਮੈਂ ਇਹਨਾਂ ਦੇ ਨਾਲ ਕਰਕੇ ਰਹਿ ਗਿਆ, ਨਹੀਂ ਤਾਂ ਮੈਂ ਪੜ੍ਹ ਲੈਂਦਾ, ਕੁਛ ਕੰਮ ਕਾਰ ਕਿਤੇ ਚਲੇ ਜਾਂਦਾ, ਤਾਂ ਫੇ ਨਾ ਕਿਤੇ ਬੰਨੇ ਲੱਗਦਾ ਦੇਖ ਕੇ ਮੈਂ, ਸੰਗਤ ਨੂੰ ਕਿਹਾ ਪਈ ਏਹਨੂੰ ਤੁਸੀਂ ਪੈਸੇ ਦੇ ਕੇ ਪੜ੍ਹਾ ਦਿਓ, ਤੇ ਸੰਗਤ ਨੇ ਫੇ ਮਦਤ ਦੇ ਦਿੱਤੀ, ਤਾਂ ਫੇਰ ਏਨ ਬੇਸਿਕ ਕੀਤੀ। ਬੇਸਿਕ ਕਰਕੇ ਤਾਂ ਫੇਰ ਮਾਸਟਰ ਲਗਾ, ਅਈਦਾਂ ਹੋਈ ਸੀ।

**ਸੇਵਾ ਸਿੰਘ ਜੀ** : ਇਹਨਾਂ ਵਾਸਤੇ ਮੇਰਾ ਖਿਆਲ ਹੈ ਤੁਸੀਂ ਉਹ ਧੌਲਪੁਰ ਜਾ ਕੇ ਕੁਛ ਚਿਰ ਖੇਤੀ ਵੀ ਕੀਤੀ।

**ਬਾਬਾ ਜੀ** : ਖੇਤੀ ਵੀ, ਨਾਲ ਲੈ ਗਏ ਸੀ ਓਥੇ।

**ਸੇਵਾ ਸਿੰਘ ਜੀ** : ਅੱਛਾ ਜੀ! ਸਾਰੇ ਇੱਕ ਫਰਜ਼ ਨੂੰ ਨਿਭਾਉਣ ਵਾਸਤੇ ਤੁਸੀਂ ਇਨ੍ਹਾਂ ਸਾਰੇ ਕੁਛ ਮੁੜ ਕੇ ਨਮਿਓਂ ਸਿਰੇ ਕੀਤਾ।

**ਬਾਬਾ ਜੀ** : ਹਾਂ ਓਥੇ ਕਿਸੇ ਆਦਮੀ ਮੈਨੂੰ ਨੇ ਕਿਹਾ ਸੀ, ਮੈਨੂੰ ਕਹਿੰਦਾ ਸੀ ਪਈ ਆਪਣੇ ਮੁੰਡੇ ਨਹੀਂ ਬਣਦੇ ਬਿਗਾਨੇ, ਤਾਂ ਆਪਣੇ ਨਹੀਂ ਬਣਦੇ, ਤਾਂ ਮੈਨੂੰ ਇਸ ਗੱਲ ਦਾ ਕੋਈ ਖਿਆਲ ਨਹੀ, ਪਈ ਅਇਥੇ ਆਣ ਕੇ ਫੇ ਤੁਸੀਂ ਪੜ੍ਹਦੇ ਸੀ ਓਦੋਂ, ਤਾਂ ਮੇਰਾ ਲੱਕ ਦੁਖਣ ਲਪ ਪਿਆ ਤੇ ਇਹ ਸੇਵਾ ਸਿੰਘ ਨੇ ਕਿਹਾ ਪਈ ਮੈਂ ਰਹੂੰ, ਲੱਕ ਆਕੜਿਆ ਆ, ਮੈਂ ਕਿਹਾ ਕੋਈ ਨਹੀਂ ਉਹਨੂੰ ਸਨੇਹਾ ਘਲ ਦਿਆਂਗੇ ਪਈ ਨਿਆਣੇ ਨੂੰ ਕੀ ਆਖਣਾ?

**ਸੇਵਾ ਸਿੰਘ ਜੀ** : ਆਹੋ, ਮੈਂ ਤਾਂ ਅਜੇ ਛੋਟਾ ਜਿਹਾ ਹੁੰਦਾ ਸੀ।

**ਬਾਬਾ ਜੀ** : ਅਹੋ ਛੋਟਾ ਸੀ ਬਹੁਤ।

**ਸੇਵਾ ਸਿੰਘ ਜੀ** : ਚੌਥੀ ਪੰਜਮੀ ਚਿ ਪੜਦਾ ਹੁੰਦਾ ਸੀ।

**ਬਾਬਾ ਜੀ** : ਹਾਂ ਛੋਟਾ ਸੀ! ਤਾਂ ਫੇਰ ਏਨੂੰ ਸੁਨੇਹਾ ਘੱਲਿਆ ਤੇ ਏਹੇ ਬਿਨਾਂ ਕਛਹਿਰੇ ਤੋਂ ਆ ਗਿਆ, ਮੈਂ ਕਿਹਾ ਪਈ ਰਹਿਣ ਦਾ ਇਰਾਦਾ ਨਹੀਂ। ਬਸ ਮੰਜਾ ਫੇ ਏਨੇ ਡਾਹ ਤਾ, ਤਾਂ ਮੈਨੂੰ ਕਿਹਾ ਕਿ ਅੱਛਾ ਮੈਂ ਚਲਦਾਂ, ਮੈਂ ਕਿਹਾ ਚੰਗਾ ਜਾਓ ਜੀ। ਫੇ ਇਹ ਮੈਨੂੰ ਪਤਾ ਲੱਗਾ ਲੈ ਪਈ ਅਇਦਾਂ ਹੁੰਦੀ ਆ, ਜੇ ਬਿਗਾਨਾ ਈ ਇਸ ਤਰ੍ਹਾਂ ਕਰਦਾ ਤਾਂ ਜੇ ਆਪਣਾ ਹੁੰਦਾ ਤਾਂ ਜਰੂਰ, ਇਹਦੇ ਬਾਪ ਦਾ ਭਾਵਾਂ ਨਾਲ ਦੁਖਦਾ ਹੁੰਦਾ ਤਾਂ ਇਦਾਂ...।

**ਸੇਵਾ ਸਿੰਘ ਜੀ** : ਲੱਕ ਦੁਖਦਾ ਹੁੰਦਾ ਤਾਂ ਤੂੰ ਚਲਿਆ ਜਾਂਦਾ।

**ਬਾਬ ਜੀ**: ਉਠ ਨਹੀਂ ਸਕਦਾ, ਮੈਂ ਬਹਿ ਨਹੀਂ ਸੀ ਸਕਦਾ ਸੀ, ਪਾਸਾ ਨਹੀ ਸੀ ਲੈ ਹੁੰਦਾ, ਏਨੀ ਤੰਗੀ ਸੀ, ਓਦਣ ਤੋਂ ਲੈ ਕੇ ਮੈਂ ਸਮਝਿਆ ਅਇਦਾਂ ਓਹ ਸੱਚੀ ਗੱਲ ਨਿਕਲਦੀ ਉਹੋ।

**ਸੇਵਾ ਸਿੰਘ ਜੀ** : ਫੇਰ ਇਹ ਪੜਾਉਣ ਲੱਗ ਪਿਆ।

**ਬਾਬਾ ਜੀ** : ਪੜਾਉਣ ਲੱਗ ਪਿਆ, ਫੇ ਅਸੀਂ ਆਪਣੇ ਭਜਨ ਬੰਦਗੀ ਕਰਨ ਲੱਗ ਪਏ।

ਸੇਵਾ ਸਿੰਘ ਜੀ : ਮੈਂ ਕਿਹਾ ਮੇਰਾ ਖਿਆਲ ਮੈਂ ਦੂਜੀ 'ਚ ਸੀ ਜਦੋਂ ਤੁਹਾਡੇ ਪਾਸ ਆਉਂਣਾ ਸ਼ੁਰੂ ਕੀਤਾ, ਹੈਂ ਜੀ।

**ਬਾਬਾ ਜੀ** : ਹਾਂ, ਦੂਜੀ 'ਚ, ਬੱਸ ਫੇਰ ਤੁਸੀਂ ਇੱਥੇ ਆਉਂਦੇ ਰਹੇ। ਕੁਝ ਦਿਨ ਤੁਹਾਨੂੰ ਕਿਹਾ ਪਈ ਤੁਸੀਂ ਪੰਜ ਗ੍ਰੰਥੀ ਦਾ ਪਾਠ ਕਰ ਲਓ, ਉਹ ਕਰਕੇ ਫੇਰ ਮਹਾਰਾਜ ਦਾ ਪਾਠ



ਕਰਨਾ ਸ਼ੁਰੂ ਕਰ ਦਿੱਤਾ ਤਾਂ ਮਹਾਰਾਜ ਦੀ ਕ੍ਰਿਪਾ ਹੋ ਗਈ, ਸੋ ਤੁਹਾਡੀ ਮੇਰੇ ਨਾਲ ਮਹਾਰਾਜ ਜੀ ਦੀ ਕ੍ਰਿਪਾ ਤੇ ਚੰਗੀ ਨਿਭੀ। ਮੈਂ ਤਾਂ ਹਾਰ ਗਿਆ ਸੀ ਸਮਝਦਾ ਸੀ ਪਈ ਮੇਰਾ ਕੋਈ ਏਦਾਂ ਨਹੀਂ ਜਿਹੜਾ ਕੋਈ ਮੁਹੱਬਤ ਪੂਰੀ ਨਿਭਾਵੇ, ਸੋ ਆਪਣੇ ਸੇਵਾ ਸਿੰਘ ਜੀ! ਤੁਹਾਡੇ ਨਾਲ ਐਸੀ ਨਿਭੀ ਮਹਾਰਾਜ ਜੀ ਨੇ ਬੜੀ ਈ ਕ੍ਰਿਪਾ ਕੀਤੀ।

**ਸੇਵਾ ਸਿੰਘ ਜੀ** : ਬੱਸ ਜੀ! ਮਹਾਰਾਜ ਜੀ ਨਿਭਾਉਣ ਆਲੇ ਆ ਜੀ, ਅਸੀਂ ਜੀਵ ਕੌਣ ਆਂ?

**ਬਾਬਾ ਜੀ** : ਦਿਲ ਦੀ ਆਸ ਪੂਰੀ ਹੋ ਗਈ, ਨਿਰਾਸਤਾ ਨਹੀਂ ਰਹੀ।

**ਸੇਵਾ ਸਿੰਘ ਜੀ** : ਠੀਕ ਆ ਜੀ! ਕਾਫੀ ਮੇਰਾ ਖਿਆਲ ਆ, ਸਾਧਨ ਵਗੈਰਾ ਵੀ ਕਰਦੇ ਰਹੇ ਆਂ ਆਪਾਂ ਇਕੱਠੇ?

**ਬਾਬਾ ਜੀ** : ਮਹਾਰਾਜ ਦੀ ਕ੍ਰਿਪਾ ਨਾਲ ਇਕੱਠੇ ਕਰਦੇ ਰਹੇ, ਹੁਣ ਦੇਖ ਲਉ ਪਈ ਬੱਤੀ ਬੱਤੀ ਮਾਲਾ ਪਹਿਲਾਂ ਆਹ ਜਿਥੇ ਕੀ ਆਹ ?

**ਸੇਵਾ ਸਿੰਘ ਜੀ** : "ਗੁਬਿੰਦੇ ਮੁਕੰਦੇ"?

**ਬਾਬਾ ਜੀ** : "ਗੁਬਿੰਦੇ ਮੁਕੰਦੇ" ਇਹਦੀਆਂ ਕਰਦੇ ਹੁੰਦੇ ਸੀ।

**ਸੇਵਾ ਸਿੰਘ ਜੀ** : ਪਹਿਲੀ ਪਾਉੜੀ।

**ਬਾਬਾ ਜੀ** : ਕਈ ਸਾਲ ਕਰਦੇ ਰਹੇ ਆਂ, ਮਹਾਂਰਾਜ ਦੀ ਕ੍ਰਿਪਾ ਤੇ ਸਭ ਕੁਛ ਹੋ ਗਿਆ।

**ਸੇਵਾ ਸਿੰਘ ਜੀ** : ਇਹ ਠੀਕ ਆ ਜੀ, ਇਹ ਫੇ ਮਹਾਂਰਾਜ ਜੀ ਜਦੋਂ ਪ੍ਰਕਾਸ਼ ਕੀਤੇ ਏਥੇ ਗੁਫਾ ਵਿਚ ਲਿਆ ਕੇ, ਹੈਂ ਜੀ, ਉਦੋਂ?

**ਬਾਬਾ ਜੀ** : ਉਦੋਂ, ਮਹਾਂਰਜਾ ਅੱਗੇ ਬੇਨਤੀ ਕੀਤੀ ਸੀ, ਪਈ ਮਹਾਂਰਾਜ ਜੀ ਮੈਂ, ਏਥੇ, ਤੇਲ ਬਾਲਣਾ ਨਹੀਂ ਚਾਹੁੰਦਾ, ਤੇ ਘੇ ਦਾ ਦੀਵਾ ਬਾਲਣਾ ਚਾਹੁੰਨਾ, ਕੁਛ ਦਿਨਾਂ ਬਾਅਦ ਈ ਫੇਰ, ਆਹ ਖੁਹ ਤੇ ਬੀਬੀ ਏਹਨਾਂ ਦੀ ਭੈਣ, ਘੇ ਲੈ ਕੇ ਆ ਗਈ ਮੈਨੂੰ ਕਹਿੰਦੀ ਆਹ ਜੋਤ ਵਾਸਤੇ ਲਿਆਈ ਆਂ ਜੀ।

**ਸੇਵਾ ਸਿੰਘ ਜੀ** : ਆਪੇ ਈ ਮਹਾਰਾਜ ਦੀ ਪ੍ਰੇਰਨਾ ਨਾਲ ਈ ਲੈ ਆਈ?

**ਬਾਬਾ ਜੀ** : ਹਾਂ, ਮੈਂ ਬੜੀ ਈ ਧੰਨਤਾ ਮਹਾਰਾਜ ਦੀ ਕੀਤੀ, ਪਈ ਧੰਨ ਆ ਮਹਾਰਾਜ, ਕਿ ਬਿਨਾਂ ਜੀ ਕਹੇ ਤੇ, ਬਿਨਾਂ ਕਿਸੇ ਨੂੰ ਦੱਸੇ ਤੇ, ਘੇ, ਫੇ ਮਹਾਰਾਜ ਦੀ ਐਸੀ ਕ੍ਰਿਪਾ ਹੋਈ, ਘੇ ਦੀ ਜੋਤ, ਜੋਤ ਜਗਾਉਂਦੇ ਰਹੇ, ਫੇਰ ਬਾਅਦ ਵਿੱਚ, ਘੇ ਜਮ ਜਾਣਾ ਤਾਂ ਫੇਰ ਆਹ ਮੋਮ ਬੱਤੀਆਂ, ਅਸੀਂ ਕਦੇ ਮੁੜ ਕੇ ਨਹੀਂ ਬਾਲਿਆ ਤੇਲ।

**ਸੇਵਾ ਸਿੰਘ ਜੀ** : ਹੁਣ ਤੱਕ ਮੈਨੂੰ ਯਾਦ ਆ ਪਈ ਹੁਣ ਤੱਕ ਘੇ ਦੀ ਜੋਤ ਜਗਦੀ ਰਹੀ ਆ, ਦੇਸੀ ਘਿਉ ਦਾ ਪ੍ਰਸ਼ਾਦ ਹੁੰਦਾ ਰਿਹਾ, ਸਾਰਾ ਕੁਛ ਮਹਾਂਰਾਜ ਦੀ ਪੂਰੀ ਮਰਿਆਦਾ

ਨਾਲ।

**ਬਾਬਾ ਜੀ** : ਬੜੀ ਕ੍ਰਿਪਾ ਮਹਾਰਾਜ ਦੀ ਰਹੀ।

**ਸੇਵਾ ਸਿੰਘ ਜੀ** : ਏਥੇ ਫੇਰ ਆਪਣੇ, ਕੀਰਤਨ ਵੀ ਹੁੰਦਾ ਰਿਹਾ ਉਦੋਂ ਆਹ?

**ਬਾਬਾ ਜੀ** : ਕੀਰਤਨ ਕਰਦੇ ਹੁੰਦੇ ਸੀ ਆਹ, ਰੈਣ ਸਬਾਈ, ਰੈਣ ਸਬਾਈ।

**ਸੇਵਾ ਸਿੰਘ ਜੀ** : ਗੁਫਾ ਵਿੱਚ ਈ?

**ਬਾਬਾ ਜੀ** : ਰੈਣ ਸਬਾਈ।

**ਸੇਵਾ ਸਿੰਘ ਜੀ** : ਹਾਂ ਜੀ। ਪਹਿਲਾਂ ਹਫਤਾਵਰੀ ਫੇਰ ਦੀਵਾਨ ਸਜਦਾ ਹੁੰਦਾ ਸੀ।

**ਬਾਬਾ ਜੀ** : ਪਹਿਲੇ ਹਫਤਾਵਰੀ ਕਰਦੇ ਹੁੰਦੇ ਸੀ, ਫੇਰ ਰੈਣ ਸਬਾਈ ਕਰ ਲਈ।

**ਸੇਵਾ ਸਿੰਘ ਜੀ** : ਫੇਰ ਪੁਨਿੰਆਂ ਤੋਂ ਰਾਤ, ਪੁੰਨਿਆਂ ਆਲੀ ਰਾਤ ਨੂੰ ਜਾਗਦੇ ਰਹੇ, "**ਘੋਰ ਦੁਖੵੰ ਅਨਿਕ ਹੰਤੵੰ**" ਦਾ ਪਾਠ ਕਰਦੇ ਹੁੰਦੇ ਸੀ।

**ਬਾਬਾ ਜੀ** : ਏਹਦਾ ਪਾਠ ਕਰਦੇ ਹੁੰਦੇ ਸੀ।

**ਸੇਵਾ ਸਿੰਘ ਜੀ** : ਇਹ ਮੇਰਾ ਖਿਆਲ ਆ ਕਾਫੀ ਚਿਰ ਚਲਦਾ ਰਿਹਾ ਜੀ?

**ਬਾਬਾ ਜੀ** : ਕਾਫੀ ਚਿਰ ਕਰਦੇ ਰਹੇ ਆਂ ਜੀ।

**ਸੇਵਾ ਸਿੰਘ ਜੀ** : ਠੀਕ ਆ ਜੀ। ਉਹ ਤੋਂ ਬਾਅਦ ਫਿਰ ਛੰਨ ਬਣ ਗਈ, ਮੇਰਾ ਖਿਆਲ?

**ਬਾਬਾ ਜੀ** : ਫੇਰ ਆਹ ਛੰਨ ਬਣੀ ਆ।

**ਸੇਵਾ ਸਿੰਘ ਜੀ** : ਆਹ ਜਿਹੜੀ ਆ ਲਾਗੇ ਹੈਗੀ?

**ਬਾਬਾ ਜੀ** : ਛੰਨ ਦੇ ਫੇਰ, ਕੀਤਰਨ ਹੋਣਾ ਸ਼ੁਰੂ ਹੋ ਗਿਆ। ਕੀਰਤਨ ਕਰਦੇ ਰਹੇ, ਰੈਣ ਸਬਾਈ।

**ਸੇਵਾ ਸਿੰਘ ਜੀ** : ਠੀਕ ਆ ਜੀ, ਏਥੇ ਫੇ ਜਦੋਂ ਤੁਸੀਂ ਆਏ, ਓਦੋਂ ਬੜੇ ਝੰਗ ਬੇਲਾ ਹੋਣਾ, ਬੜੇ ਦਰਖ਼ਤ ਹੋਣੇ?

**ਬਾਬਾ ਜੀ** : ਬਹੁਤ ਦਰਖ਼ਤ ਸੀ, ਅਦਿਦਾਂ ਸੀ ਪਈ ਸਾਰਿਆਂ ਤੋਂ ਮਿਲ ਹੋਏ ਸੀ ਇਕ ਦੂਏ ਦੇ ਨਾਲ।

**ਸੇਵਾ ਸਿੰਘ ਜੀ** : ਮੇਰਾ ਖਿਆਲ ਬੋਹੜਾਂ ਸੀ ਬੜੀਆਂ ਬੜੀਆਂ ਭਾਰੀਆਂ, ਤੇ ਚਾਰ ਪਿੱਪਲ ਸੀ?

**ਬਾਬਾ ਜੀ** : ਪੰਜ ਬੋਹੜਾਂ ਤੇ ਚਾਰ ਪਿੱਪਲ ਸੀ।

**ਸੇਵਾ ਸਿੰਘ ਜੀ** : ਹੈਂ ਜੀ, ਬੜੇ ਤਕੜੇ ਸੀ?



**ਬਾਬਾ ਜੀ** : ਬੜੇ ਤਕੜੇ ਸੀ।

**ਸੇਵਾ ਸਿੰਘ ਜੀ** : ਏਥੇ ਝੁਆਂਖਰਾ ਬੜਾ ਹੁੰਦਾ ਸੀ?

**ਬਾਬਾ ਜੀ** : ਬਹੁਤ ਥਾਂ, ਬੜਾ ਡਰਾਉਣਾ ਥਾਂ ਸੀ ਇਹ।

**ਸੇਵਾ ਸਿੰਘ ਜੀ** : ਸੱਪ, ਠੂਹੇਂ, ਦਿਨੇ ਉੱਲੂ ਬੋਲਦੇ ਹੁੰਦੇ?

**ਬਾਬਾ ਜੀ** : ਅਇਨੇ ਅਇਨੇ ਠੂਹੇਂ, ਇੱਕ ਇੱਥੇ ਲੰਮੇ, ਤਾਂ ਲਉ ਨਾ ਆਹ ਫੁਹੜਾ, ਇਹ ਚੱਕੋ ਤਾਂ ਥੱਲੇ ਠੂਹਾਂ ਨਿਕਲਦਾ ਸੀ, ਲਕੜੀ ਚੁੱਕੋ ਤਾਂ ਇਹਦੇ ਥੱਲੇ ਠੂਹਾਂ, ਅਇਨੇ ਏਥੇ ਉਦੋਂ ਹੁੰਦੇ ਸੀਗੇ, ਠੂਹੇਂ, ਸੱਪ।

**ਸੇਵਾ ਸਿੰਘ ਜੀ** : ਬੜੀ ਭਿਆਨਕ ਜਗ੍ਹਾ ਸੀ ਜੀ, ਹੈਂ ਜੀ?

**ਬਾਬਾ ਜੀ** : ਬੜੀ ਭਿਆਨਕ ਜਗ੍ਹਾ ਸੀ।

**ਸੇਵਾ ਸਿੰਘ ਜੀ** : ਇਹ ਠੀਕ ਆ ਜੀ, ਇਹ ਤਾਂ ਤੁਹਾਡੇ ਦੇਖਣ 'ਚ ਸੀ ਲੋਕ ਏਥੇ ਡਰਦੇ ਲੰਘਦੇ ਨਹੀਂ ਹੁੰਦੇ ਸੀ?

**ਬਾਬਾ ਜੀ** : ਲੰਘਦੇ ਨਹੀਂ ਸੀ, ਲੰਘਦੇ ਨਹੀਂ ਸੀ।

**ਸੇਵਾ ਸਿੰਘ ਜੀ** : ਨੇੜੇ ਆਲੇ ਹਲ ਵੀ ਜਿਹੜਾ ਇਹ ਵੀ ਦਿਨੇ ਵਾਹੁਣ ਆਉਂਦੇ ਸੀਗੇ?

**ਬਾਬਾ ਜੀ** : ਡਰਕੇ ਰਹਿੰਦੇ ਸੀ।

**ਸੇਵਾ ਸਿੰਘ ਜੀ** : ਹੁਣ ਤੱਕ ਲੋਕ ਆਣ ਆਣ ਕੇ ਗੱਲਾਂ, ਜਿਹੜੇ ਸਿਆਣੇ ਬੰਦੇ ਦੱਸਦੇ ਆ?

**ਬਾਬਾ ਜੀ** : ਕਰਦੇ ਆ।

**ਸੇਵਾ ਸਿੰਘ ਜੀ** : ਇਹ ਠੀਕ ਆ ਜੀ, ਇਹਤੋਂ ਬਾਅਦ ਫਿਰ ਆਪਣੇ ਮਹਾਰਾਜ ਰੈਣ ਸਬਾਈ ਸ਼ੁਰੂ ਹੋਈ ਜੀ ਫੇਰ?

**ਬਾਬਾ ਜੀ** : ਤਾਂ, ਫੇਰ ਰੈਣ ਸਬਾਈ ਸ਼ੁਰੂ ਹੋਈ।

**ਸੇਵਾ ਸਿੰਘ ਜੀ** : ਤਿੰਨ ਚਾਰ ਸਾਲ ਚਲਦੀ ਰਹੀ ਲਗਾਤਾਰ?

**ਬਾਬਾ ਜੀ**: ਚਲਦੀ ਰਹੀ, ਚਲਦੀ ਰਹੀ ਚਾਰ ਕੁ ਸਾਲ।

**ਸੇਵਾ ਸਿੰਘ ਜੀ** : ਫਿਰ ਕੋਈ ਲੋਕਾਂ ਦਾ ਰੁਝਾਨ ਨਾ ਹੋਣ ਕਰਕੇ?

**ਬਾਬਾ ਜੀ** : ਨਾ ਚੰਗਾ ਦੇਖਣੇ ਕਰਕੇ ਫਿਰ ਉਹ ਬੰਦ ਕਰਨੀ ਪਈ।

**ਸੇਵਾ ਸਿੰਘ ਜੀ** : ਫਿਰ ਉਹ ਬੰਦ ਕਰਨੀ ਪਈ ਉਹ ਤੋਂ ਬਾਅਦ ਅਖੰਡ ਪਾਠ ਕਦੋਂ ਸ਼ੁਰੂ ਹੋਇਆ ਜੀ?

**ਬਾਬਾ ਜੀ** : ਫੇਰ ਅਖੰਡ ਪਾਠ ਤਾਂ ਇੱਕ ਅਖੰਡ ਪਾਠ ਸਾਲ ਦਾ ਅਖੰਡ ਪਾਠ ਤਾਂ ਮੁੱਢੋਂ ਸ਼ੁਰੂ ਹੋ ਗਿਆ ਸੀ ਨਾ ਜਦੋਂ।

**ਸੇਵਾ ਸਿੰਘ ਜੀ** : ਜਦੋਂ ਤੁਸੀਂ ਆਏ ਹੋ?

**ਬਾਬਾ ਜੀ** : ਗੁਫੀ ਬਣੀ ਆ।

**ਸੇਵਾ ਸਿੰਘ ਜੀ** : ਗੁਫਾ ਮੇਰਾ ਖਿਆਲ ਦੂਜੇ ਸਾਲ ਬਣ ਗਈ ਜੀ ਕਦੋਂ ਤੁਸੀਂ ਆਏ ਸੀ?

**ਬਾਬਾ ਜੀ** : ਦੂਜੇ ਸਾਲ ਬਣ ਗਈ ਸੀ, ਤਾਂ ਫੇਰ ਸਦਾ ਈ ਇੱਕ ਸਾਲ ਏਹਦਾ ਅਖੰਡ ਪਾਠ ਅਖੰਡ ਪਾਠ ਇੱਕ ਹੁੰਦਾ ਰਿਹਾ, ਹੁੰਦੇ ਹੁੰਦੇ ਫੇਰ ਮਹਾਰਾਜ ਦੀ ਕ੍ਰਿਪਾ ਹੋ ਗਈ, ਫੇਰ ਸੰਗਤ ਆਪਣੀ ਪਾਠ ਕਰਨੇ ਆਲੀ ਹੋ ਗਈ, ਫਿਰ ਸਾਰੇ ਈ ਜੋੜ ਮੇਲੇ।

**ਸੇਵਾ ਸਿੰਘ ਜੀ** : ਹੁਣ ਤਾਂ ਤੁਹਾਡੀ ਕ੍ਰਿਪਾ ਨਾਲ ਪਾਠੀ ਆਪਣੇ ਸਾਰੇ ਬੜੀ ਮਹਾਂਰਾਜ ਦੀ ਕ੍ਰਿਪਾ ਆ?

**ਬਾਬਾ ਜੀ** : ਮਹਾਂਰਾਜ ਦੀ ਕ੍ਰਿਪਾ।

**ਸੇਵਾ ਸਿੰਘ ਜੀ** : ਬੜੀ ਸੰਗਤ, ਹੈਂ ਜੀ ਸਾਰੇ ਈ?

**ਬਾਬਾ ਜੀ** : ਆਪਣੇ ਈ ਸਾਰੇ ਪਾਠ ਕਰ ਲੈਂਦੇ ਹੁਣ ਤਾਂ ਕਿਸੇ ਦੀ ਲੋੜ ਈ ਨਹੀਂ।

**ਸੇਵਾ ਸਿੰਘ ਜੀ** : ਇਹ ਠੀਕ ਆ, ਹੁਣ ਤਾਂ ਸਾਲ ਵਿੱਚ ਸੱਤ ਅੱਠ ਅਖੰਡ ਪਾਠ ਈ ਹੁੰਦੇ ਆ।

**ਬਾਬਾ ਜੀ** : ਅਖੰਡ ਪਾਠ ਈ ਹੋ ਜਾਂਦੇ ਆ।

**ਸੇਵਾ ਸਿੰਘ ਜੀ** : ਤੇ ਅੰਮ੍ਰਿਤ ਤੇ ਕਾਫੀ ਸੰਗਤ ਨੇ ਛਕਿਆ ਹੋਣਾ?

**ਬਾਬਾ ਜੀ** : ਅੰਮ੍ਰਿਤ ਤਾਂ ਜੀ ਕੋਈ ਹੱਦ ਨਹੀਂ, ਅੰਮ੍ਰਿਤ ਤਾਂ ਇਹ ਗੱਲ ਪਈ.....।

**ਸੇਵਾ ਸਿੰਘ ਜੀ** : ਮੇਰਾ ਖਿਆਲ ਆ ਤਿੰਨ ਚਾਰ ਹਜ਼ਾਰ ਤੋਂ ਉੱਤੇ ਸੰਗਤ ਨੇ....?

**ਬਾਬਾ ਜੀ** : ਉੱਤੇ ਹੋਊ, ਉੱਤੇ ਹੋਊ।

**ਸੇਵਾ ਸਿੰਘ ਜੀ** : ਤੇ ਜਿਨਾਂ ਹੁਣ, ਜਦੋਂ ਦੇ ਤੁਸੀਂ ਏਥੇ ਆਏ ਹੋ, ਮੈਂ ਵੀ ਹਿਸਾਬ ਕੀਤਾ ਆ ਪਈ ਉਦੋਂ ਤਿੰਨ ਹਜ਼ਾਰ ਦੇ ਲਗਭਗ ਉਦੋਂ ਦੀ ਅੰਮ੍ਰਿਤ ਛਕ ਚੁੱਕੀ ਆ?

**ਬਾਬਾ ਜੀ** : ਹਜ਼ਾਰ ਤੋਂ ਜਿਆਦਾ ਅੱਗੇ ਵੀ ਹੋਊ।

**ਸੇਵਾ ਸਿੰਘ ਜੀ** : ਲਗਭਗ ਚਾਰ, ਸਾਢੇ ਚਾਰ ਹਜਾਰ ਨੇ ਅੰਮ੍ਰਿਤ ਛਕਿਆ ਤੁਹਾਡੇ ਹੱਥੋਂ ਬੜੀ ਮਹਾਰਾਜ ਦੀ ਕ੍ਰਿਪਾ ਹੋਈ।

**ਬਾਬਾ ਜੀ** : ਬਹੁਤ ਮਹਾਰਾਜ ਦੀ ਕ੍ਰਿਪਾ ਕਈ ਸਤਪੁਰਖ ਹੋ ਗਏ ਵਿੱਚੋਂ, ਜਿਨ੍ਹਾਂ ਤੇ ਮਹਾਰਾਜ ਦੀ ਕ੍ਰਿਪਾ ਹੋ ਗਈ।



**ਸੇਵਾ ਸਿੰਘ ਜੀ** : ਕਾਫੀ ਸੰਗਤ ਹੋਈ, ਅੱਛਾ ਇਹ ਦੱਸੋ, ਕਈ ਵਾਰੀ ਮਹਾਂਰਾਜ ਜੀ ਦੇ ਤੁਹਾਨੂੰ ਜਦੋਂ ਦਰਸ਼ਨ ਹੁੰਦੇ ਸੀ, ਕਈ ਵਾਰੀ ਅਨੁਭਵੀ ਬਚਨ ਵੀ ਹੁੰਦੇ ਹੋਣੇ? ਜਿਦਾਂ ਤੁਸੀਂ ਇੱਕ ਵਾਰੀ ਦੱਸਿਆ ਸੀਗਾ ਪਈ, ਉਹ, ਪਈ ਅਰਦਾਸ ਕਰਨ ਲਈ ਇੱਕ ਵਾਰੀ ਸੰਗਤ ਵਿੱਚ ਸ਼ੰਕਾ ਪੈਦਾ ਹੋਇਆ ਪਈ ਪੂਰਨ ਸਿੱਖਾਂ ਦੀ ਲੋੜ ਆ?

**ਬਾਬਾ ਜੀ** : ਹਾਂ ਜੀ! ਇਹ ਹੋਈ ਸੀ ਜੀ, ਇਹ ਮਹਾਂਰਾਜ ਨੇ ਕ੍ਰਿਪਾ ਕੀਤੀ, ਅਰਦਾਸ ਬੇਨਤੀ ਕੀਤੀ ਮਹਾਂਰਾਜ, ਪਈ ਕ੍ਰਿਪਾ ਕਰੋ, ਪਈ ਤੁਸੀਂ, ਕਿਸੇ ਨੇ ਏਦਾਂ ਆਖਿਆ ਸੀ ਪਈ ਤੁਸੀਂ ਸਤਪੁਰਖਾਂ ਨੂੰ ਅਰਦਾਸ ਕਰਨੀ ਚਾਹੀਏ, ਪੰਜ ਸਤਪੁਰਖ ਹੋਣ, ਤਾਂ ਫੇਰ ਮਹਾਂਰਾਜ ਪਈ......

**ਸੇਵਾ ਸਿੰਘ ਜੀ** : ਤਾਂ ਉਹ ਮਹਾਂਰਾਜ ਸੁਣਦੇ ਆ?

**ਬਾਬਾ ਜੀ**: ਸੁਣਦੇ ਆ, ਤਾਂ ਫੇਰ ਅਸੀਂ ਅਰਦਾਸ ਕੀਤੀ ਮਹਾਂਰਾਜ ਜੀ ਦੇ ਚਰਨਾਂ 'ਚ, ਤਾਂ ਮਹਾਂਰਾਜ ਦਸਮੇਂ ਪਾਤਸ਼ਾਹ ਦੇ ਦਰਸ਼ਨ, ਮੱਥਾ ਟੇਕਿਆ, ਉੱਠੇ ਆਂ ਤਾਂ ਫੇਰ, ਜਿੱਥੇ ਚੌਰ ਕਰੀਦਾ ਏਥੇ ਮਹਾਂਰਾਜ ਦਸਮੇਂ ਪਾਤਸ਼ਾਹ ਜੀ।

**ਸੇਵਾ ਸਿੰਘ ਜੀ** : ਗ੍ਰੰਥੀ ਸਿੰਘ ਦੀ ਥਾਂ?

**ਬਾਬਾ ਜੀ** : ਹਾਂ ਜੀ।

**ਸੇਵਾ ਸਿੰਘ ਜੀ** : ਅੱਛਾ ਜੀ?

**ਬਾਬਾ ਜੀ** : ਤੇ ਉਹ ਕਮਰੇ ਦੇ ਵਿੱਚ ਸਾਰੇ ਈ ਇੱਕ ਤਾਂ ਇੱਕ ਸਿੱਖ ਤਾਂ ਦੂਆ ਮਹਾਂਰਾਜ, ਦੂਆ ਸਿੱਖ ਤਾਂ ਨਾਲ ਨਾਲ ਕੰਧ ਦੇ ਚਾਰ ਚੁਫੇਰੇ ਕੰਧ ਦੇ ਨਾਲ ਨਾਲ।

**ਸੇਵਾ ਸਿੰਘ ਜੀ** : ਸਾਰੇ ਕਮਰਾ ਮਤਲਬ ਸਿੱਖਾਂ ਨਾਲ ਭਰਿਆ ਆ ਸੀ ਨਾਲ ਨਾਲ ਇੱਕ ਇੱਕ ਸਿੱਖ ਤਾਂ ਇੱਕ ਇੱਕ ਮਹਾਂਰਾਜ?

**ਬਾਬਾ ਜੀ** : ਇੱਕ ਇੱਕ ਸਿੱਖ ਤਾਂ ਏਹ-

**ਸੇਵਾ ਸਿੰਘ ਜੀ** : ਮਹਾਂਰਾਜ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਸੀਗਾ?

**ਬਾਬਾ ਜੀ** : ਹਾਂ ਹਾਂ ਤਾਂ ਮਹਾਰਾਜ ਗੋਬਿੰਦ ਸਿੰਘ ਜੀ, ਤਾਂ ਇਹ ਕੋਈ ਸ਼ਿਆਣੀ ਉਮਰ ਦਾ ਸਿੱਖ, ਕੋਈ ਚੜਦੀ ਉਮਰ ਦਾ ਸਿੱਖ, ਕੋਈ ਵਿਚਕਾਰਲੀ ਉਮਰ ਦਾ ਸਿੱਖ, ਏਦਾਂ ਸਾਰੇ ਜਾਣੋ ਉਹਦੇ ਨਾਲ ਨਾਲ ਕੰਧ ਦੇ, ਸੀਗੇ, ਦਰਸ਼ਨ ਹੋਏ, ਦੇਖੇ ਤਾਂ ਫੇਰ, ਮਹਾਂਰਾਜ ਜੀ, ਜਿਹੜੀ ਸੀ ਨਾ ਚੌਰ ਦੀ ਜਗ੍ਹਾ, ਤਾਂ ਇਹ ਫੇਰ ਮਹਾਂਰਾਜ ਬੋਲੇ ਤੇ ਕਹਿੰਦੇ ਪਈ ਆਹ ਸਾਰੇ ਪਰਮ ਪਦ ਨੂੰ ਪ੍ਰਾਪਤ ਕਰ ਗਏ, ਕਰ ਲਿਆ ਏਹਨੀਂ? ਤਾਂ ਅਸੀਂ ਬੇਨਤੀ ਕੀਤੀ ਪਈ ਮਹਾਂਰਾਜ ਤੁਸੀਂ ਜਾਣੋ, ਪਈ ਏਨਾ ਕੀਤਾ ਕਿ ਨਹੀਂ, ਮਹਾਂਰਾਜ ਕਹਿੰਦੇ ਸਾਰੇ ਪਰਮ ਪਦ ਨੂੰ ਪ੍ਰਾਪਤ ਨਹੀਂ ਇਹ ਰਹਿਤੀਏ ਸਿੰਘ ਆ, ਰਹਿਤਬੰਦ ਸਿੰਘ ਦੇ ਨਾਲ ਐ

ਮੈਂ, ਰਹਿਤਬੰਦ ਸਿੰਘ ਆ, ਚਹੁ ਕੁਰਹਿਤਾਂ ਤੋਂ ਬੱਚਿਆ ਆ, ਪੰਜਾਂ ਪਿਆਰਿਆਂ ਦੇ ਉਪਦੇਸ਼ ਨੂੰ ਕਮਾਉਂਦਾ, ਉਹਦੇ ਮੈਂ ਨਾਲ ਆਂ, ਉਹ ਸਿੱਧਾ ਮੇਰੇ ਚਰਨਾਂ 'ਚ ਆ ਜਾਊਗਾ, ਉਹਨੂੰ ਸੰਸਾ ਰੱਖਣ ਦੀ ਕੋਈ ਲੋੜ ਨਹੀਂ, ਤਾਂ ਸਤਪੁਰਖ ।

**ਸੇਵਾ ਸਿੰਘ ਜੀ** : ਜਾਂ ਰਹਿਤ ਆਲੇ ਸਿੰਘ ਦਾ ਕੋਈ ਫਰਕ ਨਹੀਂ?

**ਬਾਬਾ ਜੀ** : ਹਾਂ, ਮੈਨੂੰ ਕੋਈ ਫਰਕ ਨਹੀਂ, ਮੈਨੂੰ ਤਾਂ ਜਿਹੋ ਜੇਹਾ ਸਤਪੁਰਖ ਆ, ਉਹੋ ਜੇਹਾ ਈ ਜਿਹੜਾ ਰਹਿਤ ਰੱਖਦਾ, ਬਾਣੀ ਪੜਦਾ, ਪ੍ਰੇਮ ਕਰਦਾ, ਕੁਰਹਿਤ ਤੋਂ ਬਚਿਆ ਆ, ਉਹਦੇ ਮੈਂ ਨਾਲ ਆਂ, ਸਭ ਸਿੱਖਾਂ ਦੇ ਨਾਲ ਆਂ।

**ਸੇਵਾ ਸਿੰਘ ਜੀ** : ਅੱਛਾ ਜੀ! ਉਹਤੋਂ ਫੇ ਉਦੋਂ ਤੋਂ ਸਪੱਸ਼ਟ ਹੋ ਗਿਆ ਕਿ ਇਹ ਪਈ ਪੂਰੇ ਸਤਪੁਰਖਾਂ ਦੀ ਲੋੜ ਨਹੀਂ, ਕੋਈ ਵੀ ਪੰਜ ਅੰਮ੍ਰਿਤਧਾਰੀ ਸਿੰਘ ਜਿਹੜੇ ਰਹਿਤਾਂ ਰੱਖਦੇ ਆ?

**ਬਾਬਾ ਜੀ** : ਮਹਾਰਾਜ ਜੀ ਉਹਦੇ ਵਿੱਚ ਸ਼ਾਮਿਲ ਆ।

**ਸੇਵਾ ਸਿੰਘ ਜੀ** : ਕੁਰਹਿਤਾਂ ਤੋਂ ਬਚੇ ਹੋਏ ਆ, ਪੰਜਾਂ ਪਿਆਰਿਆਂ ਦਾ ਹੁਕਮ ਮੰਨਦੇ ਆ। ਉਹਨਾਂ ਦੀ ਮਹਾਰਾਜ ਹਰ ਇਕ ਦੀ ਸੁਣਦੇ ਆਂ?

**ਬਾਬਾ ਜੀ** : ਸਭ ਦੀ ਸੁਣਦੇ ਆ, ਸਭ ਦੀ ਸੁਣਦੇ ਆ ਪੱਕਾ ਨਿਹਚਾ ਹੋ ਗਿਆ ਜੀ।

**ਸੇਵਾ ਸਿੰਘ ਜੀ** : ਅੱਛਾ ਜੀ, ਅਖੰਡ ਪਾਠ ਬਾਰੇ ਵੀ ਕੀ ਸਾਫ ਹੋਇਆ ਜੀ?

**ਬਾਬਾ ਜੀ** : ਅਖੰਡ ਬਾਰੇ, ਅਖੰਡ ਪਾਠ ਦੇ ਬਾਰੇ ਕੋਈ ਪ੍ਰੇਮੀ ਕਹਿੰਦਾ ਮੈਨੂੰ ਪਈ, ਏਹੇ ਮੈਂ ਕਿਹਾ ਪਈ ਸਾਡੇ ਏਥੇ, ਅੱਗਾ ਪਿੱਛਾ ਪਾਠ ਦਾ ਵਾਧੂ ਪਈ ਹੋ ਜਾਏ ਘੰਟਾ ਦੋ ਘੰਟੇ, ਘੰਟਾ ਹੋ ਜਾਏ ਅੱਧਾ ਹੋ ਜਾਏ, ਪਈ ਅਸੀਂ ਇਹ ਨਹੀਂ ਰੱਖਦੇ ਪਈ।

**ਸੇਵਾ ਸਿੰਘ ਜੀ** : ਪਈ ਪੂਰੀ ਅਠਤਾਲੀ ਘੰਟਿਆ ਦੀ ਈ–

**ਬਾਬਾ ਜੀ** : ਤੇ ਇਹ ਕਹਿੰਦਾ ਪਈ ਇਹ ਤਾਂ ਪਈ ਮਰਿਆਦਾ ਤੋਂ ਉਲਟ ਆ।

**ਸੇਵਾ ਸਿੰਘ ਜੀ** : ਅੱਛਾ, ਤਾਂ ਉਹ ਪ੍ਰੇਮੀ ਸਿੰਘ ਕਹਿੰਦਾ?

**ਬਾਬਾ ਜੀ** : ਹਾਂ, ਤਾਂ ਮੈਂ ਆਖਿਆ ਤਾਂ ਪਈ ਚਲੋ ਉਥੇ ਮਹਾਰਾਜ ਕੋਲ ਉੱਪਰ ਚੁਬਾਰੇ 'ਚ ਬੇਨਤੀ ਕਰਦੇ ਆਂ, ਤਾਂ ਜੇ ਮਹਾਰਾਜ ਜੀ! ਕੀ ਹੁਕਮ ਆ, ਪਈ ਅਠਤਾਲੀ ਘੰਟੇ ਕਰਨਾ ਆਂ ਜਾਂ ਵਾਧੂ ਘਾਟੂ ਹੋ ਸਕਦਾ। ਉੱਥੇ ਜਾ ਕੇ ਫੇ ਬੇਨਤੀ ਕੀਤੀ, ਤਾਂ ਦੱਸਵੇਂ ਪਾਤਸ਼ਾਹ ਦੇ ਦਰਸ਼ਨ ਹੋਏ। ਦਸਵੇਂ ਪਾਤਸ਼ਾਹ ਨੇ ਹੁਕਮ ਕੀਤਾ ਪਈ, ਇਹ ਮਰਿਆਦਾ ਕੋਈ ਨਹੀਂ, ਇਹ ਤਾਂ ਸੰਗਤ ਨੇ ਬਣਾ ਲਈ ਈ ਆ, ਤੇ ਪਾਠ ਪ੍ਰੇਮ ਨਾਲ ਕਰੋ ਅਠਤਾਲੀ ਘੰਟਿਆਂ ਦੀ ਕੋਈ ਲੋੜ ਨਹੀਂ। ਪਾਠ ਪ੍ਰੇਮ ਨਾਲ ਕਰੋ, ਤੇ ਸੰਗਤ ਸੁਣੇ, ਪ੍ਰੇਮ ਨਾਲ ਪਾਠ ਕਰੋ, ਵਾਧੂ ਲੱਗ ਜਾਏ ਤਾਂ ਕੋਈ ਹਰਜ ਨਹੀਂ, ਏਹ ਓਦਣ ਫੇ।



**ਸੇਵਾ ਸਿੰਘ ਜੀ** : ਸਮੇਂ ਦੀ ਬੰਦਸ਼ ਕੋਈ ਨਹੀਂ?

**ਬਾਬਾ ਜੀ** : ਕੋਈ ਨਹੀਂ।

**ਸੇਵਾ ਸਿੰਘ ਜੀ** : ਪਾਠ ਪ੍ਰੇਮ ਨਾਲ ਹੋਣ ਚਾਹੀਦਾ?

**ਬਾਬਾ ਜੀ** : ਹਾਂ ਜੀ।

**ਸੇਵਾ ਸਿੰਘ ਜੀ** : ਚਾਹੇ ਅਠਤਾਲੀ ਦੀ ਬਜਾਏ ਪੰਜਾਹ ਘੰਟੇ ਲੱਗ ਜਾਣ, ਚੁਰਿੰਜਾ ਲੱਗ ਜਾਣ, ਕੋਈ ਫਰਕ ਨਹੀਂ?

**ਬਾਬਾ ਜੀ** : ਹਾਂ ਕੋਈ ਫਰਕ ਨਹੀਂ।

**ਸੇਵਾ ਸਿੰਘ ਜੀ** : ਅੱਛਾ ਜੀ।

**ਬਾਬਾ ਜੀ** : ਤਾਂ ਫੇਰ, ਇਹ ਉੱਥੇ ਪਟਿਆਲੇ ਦੀ ਗੱਲ ਆ, ਓਥੇ ਮੈਂ ਪੁੱਛਦਾ ਹੁੰਦਾ ਸੀ ਆਮ ਸੰਗਤ ਨੂੰ ਪਈ, ਜਿਹੜਾ ਹੈਗਾ ਸਲੋਕ "ਗੁਰਦੇਵ ਮਾਤਾ ਗੁਰਦੇਵ ਪਿਤਾ" ਏਹਦੇ ਅਖੀਰ ਜਾ ਕੇ ਲਿਖਿਆ ਹੈਗਾ–

**ਸੇਵਾ ਸਿੰਘ ਜੀ** : "ਇਹ ਸਲੋਕ ਆਦਿ ਅੰਤ ਪੜਣਾਂ"?

**ਬਾਬਾ ਜੀ** : "ਆਦਿ ਅੰਤ ਪੜਣਾ"?

**ਸੇਵਾ ਸਿੰਘ ਜੀ** : ਠੀਕ ਆ ਜੀ।

**ਬਾਬਾ ਜੀ** : ਕਿ "ਆਦਿ ਅੰਤ ਪੜਣਾ" ਪਈ ਕਿਸ ਵਾਸਤੇ ਪੜਨਾ? ਕਈ ਸੰਤ ਮਹਾਤਮਾਂ ਨੂੰ ਪੁੱਛਿਆ, ਕਿਨੇ ਕੁਛ ਨਿਛਾ ਕੀਤੀ ਨਾ ਗੱਲ ਕੋਈ ਦੱਸੀ ਨਾ, ਕਿੰਨੇ ਕਹਿਣਾ ਜੀ ਆਦਿ ਅੰਤ ਲਿਖਿਆ ਆ ਪਈ ਪੜਣਾ ਏਹੇ, ਤਾਂ ਫੇ ਮੈਂ ਇਹ ਕਿਹਾ, ਪਈ ਜੇ ਪੜਣਾ ਇਹ ਲਿਖਿਆ ਆ, ਇਹ ਤੇ ਹੋਰ ਵੀ ਹੈਗੇ ਪਈ ਜਿਹੜੇ 'ਰਹਿਰਾਸ ਸਾਹਿਬ' ਦੇ ਸ਼ਬਦ ਆ ਸਾਰੇ ਆਉਂਦੇ, ਕੀਰਤਨ ਸੋਹਲੇ ਦੇ ਸ਼ਬਦ ਵਿੱਚ ਆਉਂਦੇ, ਮੁੜ ਕੇ ਦਵਾਰਾ, ਆਰਤੀਆਂ ਦੋ ਆ, ਤਾਂ ਇਹਦੇ ਤੇ ਲਿਖਿਆ ਆ ਤੇ ਹੋਰਨਾਂ ਤੇ ਲਿਖਿਆ ਨਹੀਂ ਇਹ, ਕੋਈ ਹੈ ਗੱਲ ਏਹੇ, ਤਾਂ ਉੱਥੇ ਮਹਾਰਾਜ ਭੋਗ ਤੇ ਦਰਸ਼ਨ ਦਿੱਤੇ ਸੀ, ਤਾਂ ਫੇਰ ਮਹਾਂਰਾਜ ਜੀ ਨੇ ਉੱਥੇ ਨਿਰਣਾ ਕੀਤਾ ਕਹਿੰਦੇ ਪਈ, ਏਹੇ ਸਦਾ ਲਈ ਨਿਤਨੇਮ ਦੀ ਬਾਣੀ ਨਿਤਨੇਮ ਜਦੋਂ ਕਰੋ, ਉਹ ਤੇ ਪਹਿਲਾਂ ਪੜੋ, ਜਿਸਲੇ ਨਿਤਨੇਮ ਪੂਰਾ ਹੋ ਜਾਏ ਤਾਂ ਮਗਰੋਂ ਪੜੋ, ਇਹ ਆਦਿ ਅੰਤ ਪੜਣਾ ਸਵੇਰੇ ਵੀ ਤੇ ਸ਼ਾਮ ਨੂੰ ਵੀ, ਗੁਰੂ ਗ੍ਰੰਥ ਸਾਹਿਬ ਦਾ ਪਾਠ ਆਰੰਭ ਕਰੋ ਤਾਂ ਪਹਿਲਾਂ ਪੜੋ, ਤੇ ਫੇਰ ਭੋਗ ਤੇ ਬਾਅਦ ਪੜੋ, ਇਹ ਆਦਿ ਅੰਤ ਪੜਣਾ ਏਸ ਕਰਕੇ ਲਿਖਿਆ ਆ, ਇਹ ਮਹਾਰਾਜ ਨੇ ਆਪ ਨਿਰਣਾ ਕੀਤਾ ਸੀ।

**ਸੇਵਾ ਸਿੰਘ ਜੀ** : ਜਿਹੜਾ ਇਹ ਸਲੋਕ 'ਆਦਿ ਅੰਤ ਪੜਣਾ' ਇਹ ਤੇ ਬਾਣੀ ਆਰੰਭ ਦੇ ਵੇਲੇ ਪੜਣਾ ਜਦੋਂ ਨਿਤਨੇਮ ਕਰਨਾ, ਤੇ ਅਖੀਰ ਦੇ ਵਿੱਚ ਵੀ ਪੜਣਾ, ਤੇ ਬਾਕੀ

ਮਹਾਰਾਜ ਗੁਰੂ ਗ੍ਰੰਥ ਸਾਹਿਬ ਦਾ ਪਾਠ ਚਾਹੇ ਸਾਧਾਰਨ ਹੋਵੇ ਚਾਹੇ ਅਖੰਡ ਪਾਠ?

**ਬਾਬਾ ਜੀ** : ਏਹ ਪਹਿਲਾਂ ਆਰੰਭ ਕਰਨਾ।

ਸੇਵਾ ਸਿੰਘ ਜੀ : ਅਰੰਭ ਕਰਨ ਤੋਂ ਪਹਿਲਾਂ ਪੜ ਲੈਣਾ, ਤੇ ਬਾਅਦ ਵਿਚ ਪੜਣਾ?

**ਬਾਬਾ ਜੀ** : ਪੜਣਾ, ਇਹ ਜਰੂਰੀ ਆ।

**ਸੇਵਾ ਸਿੰਘ ਜੀ** : ਉਨ੍ਹਾਂ ਦਾ ਭਾਵ ਇਹ ਤਾਂ ਜੀ।

**ਬਾਬਾ ਜੀ** : ਇਹ ਲਿਖਿਆ ਆ।

**ਸੇਵਾ ਸਿੰਘ ਜੀ** : ਅੱਛਾ ਜੀ।

**ਬਾਬਾ ਜੀ** : ਇਸ ਵਾਸਤੇ ਲਿਖਿਆ ਏਹੇ।

**ਸੇਵਾ ਸਿੰਘ ਜੀ** : ਏਥੇ ਜਿਹੜਾ ਤੁਸੀਂ ਆਏ ਹੋ ਇਹ ਮਹਾਰਾਜ ਜੀ ਦੀ ਪ੍ਰੇਰਨਾ ਨਾਲ ਹੀ ਆਏ ਹੋ ਨਾ?

**ਬਾਬਾ ਜੀ** : ਹਾਂ, ਮਹਾਰਾਜ ਜੀ ਦੀ ਪ੍ਰੇਰਨਾ ਨਾਲ ਮਹਾਂਰਾਜ ਨੇ ਉੱਥੇ ਬਚਨ ਕੀਤਾ ਸੀ ਪਈ, ਇਹ ਲੋਕ ਪਛੜੇ ਹੋਏ ਸੀ।

**ਸੇਵਾ ਸਿੰਘ ਜੀ** : ਇਹ ਪਛੜਿਆ ਆ? ਜਿਹੜਾ ਇਲਾਕਾ?

**ਬਾਬਾ ਜੀ** : ਏਸ ਕਰਕੇ ਤੈਨੂੰ ਏਥੇ ਬਹਾਲਿਆ। ਮੈਨੂੰ ਮਹਾਂਰਾਜ ਦਸਵੇਂ ਪਾਤਸ਼ਾਹ ਨੇ ਕਿਹਾ ਤੈਨੂੰ ਏਥੇ ਤਾਂ ਬਹਾਲਿਆ, ਇਹ ਲੋਕ ਬਹੁਤ ਪਛੜੇ ਹੋਏ ਸੀ, ਇਹ ਮਹਾਰਾਜ ਦਾ ਆਪਣਾ ਬਚਨ ਆ।

**ਸੇਵਾ ਸਿੰਘ ਜੀ** : ਹੈ ਵੀ ਠੀਕ ਜੀ, ਹੁਣ ਹਰ ਸਮਾਗਮ ਵਿਚ ਪੰਜਾਹ-ਸੱਠ, ਪੰਜਾਹ ਸੱਠ ਸਿੰਘ ਹਰ ਸਮਾਗਮ ਵਿੱਚ, ਸਾਲ ਵਿੱਚ ਪੰਜ-ਸੱਤ ਦੱਸ ਸਮਾਗਮ ਹੁੰਦੇ ਆ, ਤੇ ਪੰਜਾਹ-ਸੱਠ ਸਿੰਘ ਹਰ ਵਾਰੀ ਅੰਮ੍ਰਿਤ ਛਕ ਕੇ ਜਾਂਦੇ ਆ।

**ਬਾਬਾ ਜੀ** : ਮਹਾਰਾਜ ਦੀ ਬੜੀ ਕ੍ਰਿਪਾ ਆ ਜੀ।

**ਸੇਵਾ ਸਿੰਘ ਜੀ** : ਮਹਾਂਰਾਜ ਦੀ ਕ੍ਰਿਪਾ ਸਿੱਖੀ ਦਾ ਕਾਫੀ ਪ੍ਰਚਾਰ ਹੋ ਰਿਹਾ, ਆਹ ਜਿਹੜਾ ਗੁਰਦਵਾਰਾ, ਇਹ ਫਿਰ, ਮੇਰਾ ਖਿਆਲ, ਉਦੋਂ ਗੁਫਾ ਬਨਣ ਤੋਂ ਕੋਈ ਸੱਤ-ਅੱਠ ਸਾਲ ਬਾਅਦ ਸ਼ੁਰੂ ਹੋਇਆ ਸੀ?

**ਬਾਬਾ ਜੀ** : ਬੱਸ-ਬੱਸ ਏਨੀਂ ਚਿਰੀਂ ਹੋਇਆ।

**ਸੇਵਾ ਸਿੰਘ ਜੀ** : ਸੰਗਤ ਦੀ ਪ੍ਰੇਰਨਾ ਨਾਲ।

**ਬਾਬਾ ਜੀ** : ਇਹ ਜਿਹੜਾ ਗੁਰਦਵਾਰਾ ਜਿੱਥੇ ਹੈਗਾ, ਇਹ ਵੀ ਪੁਰਾਣੀ ਇਤਿਹਾਸਕ ਹੈਗੀ ਆ ਚੀਜ, ਪਹਿਲੇ ਕੋਈ ਸਤਪੁਰਖ ਏਥੇ ਭਜਨ ਕਰ ਗਏ ਆ।



**ਸੇਵਾ ਸਿੰਘ ਜੀ** : ਅੱਛਾ ਜੀ! ਜਿੱਥੇ ਗੁਰਦਵਾਰਾ ਜੀ?

**ਬਾਬਾ ਜੀ** : ਹਾਂ ਜੀ, ਜਿੱਥੇ ਗੁਰਦਵਾਰਾ ਆ, ਬੜੇ ਕੌਲੇ ਆ ਨਾ ਜਿਹੜੇ, ਉਹਦੇ ਉਹਦੇ ਵਿੱਚ ਦੀ ਗੱਲ ਆ ਏਹ, ਓਸ ਥਾਂ ਦੀ।

**ਸੇਵਾ ਸਿੰਘ ਜੀ** : ਜਿਹੜਾ ਚੁਬਾਰਾ ਜਿਹਦੇ ਉੱਤੇ ਗੁਬੰਦ ਆ?

**ਬਾਬਾ ਜੀ** : ਜਿਹਦੇ ਉੱਤੇ ਗੁਬੰਦ ਆ, ਏਹ।

**ਸੇਵਾ ਸਿੰਘ ਜੀ** : ਏਹ ਜਗ੍ਹਾ ਤੇ?

**ਬਾਬਾ ਜੀ** : ਹਾਂ ਜੀ, ਏਥੇ ਈ, ਆਪਣੇ ਜਿਹੜੇ ਪੰਜੇ ਪਾਂਡਉ ਸੀ ਪੰਜ, ਇਹਨਾਂ ਨੂੰ ਕ੍ਰਿਸ਼ਨ ਮਹਾਰਾਜ ਦਰਸ਼ਨ ਏਥੇ ਮਿਲੇ ਆ ਇਹ ਥਾਂ ਆ।

**ਸੇਵਾ ਸਿੰਘ ਜੀ** : ਜਦੋਂ ਬਨਵਾਸ ਦਿੱਤਾ ਸੀ?

**ਬਾਬਾ ਜੀ** : ਹਾਂ, ਲੁਕੇ ਹੋਏ ਆਏ ਸੀ ਬਨਵਾਸ ਲੁਕੇ ਹੋਏ ਸੀ, ਦੂਸਹੇ ਰਹੇ ਆ, ਏਧਰ ਜਿਸ ਵੇਲੇ ਆਏ ਏਥੇ ਮਿਲੇ ਆ ਕ੍ਰਿਸ਼ਨ ਮਹਾਰਾਜ ਨੂੰ, ਤੇ ਓਨ ਇਹ ਵਰ ਦਿੱਤਾ ਸੀ ਏਥੇ ਈ ਵਰ ਦਿੱਤਾ ਸੀ ਪਈ ਇਸ ਇਲਾਕੇ ਵਿਚ ਬਾਰਾਂ ਬਾਰਾਂ ਕੋਹ, ਦਸੂਹੇ ਤੋਂ ਬਾਹਰ ਕਾਲ ਨਾ ਪਊ, ਇਹ ਵਰ ਏਸੇ ਥਾਂ ਦਿੱਤਾ ਆ।

**ਸੇਵਾ ਸਿੰਘ ਜੀ** : ਏਸ ਥਾਂ ਤੋਂ ਬਾਹਰ ਬਾਰਾਂ ਬਾਰਾਂ ਕੋਹ ਕਾਲ ਨਹੀਂ ਪਏਗਾ?

**ਬਾਬਾ ਜੀ** : ਕਾਲ ਨਾ ਪਊ।

**ਸੇਵਾ ਸਿੰਘ ਜੀ** : ਅੱਛਾ ਜੀ, ਹਾਂ ਇਹ ਉਹ ਜਗ੍ਹਾ ਜੀ?

**ਬਾਬਾ ਜੀ** : ਹਾਂ ਜੀ, ਪਈ ਦਸੂਹੇ ਤੋਂ ਬਾਹਰ ਬਾਹਰ ਜਿੱਥੇ ਬਾਰਾਂ ਬਾਰਾਂ ਕੋਹ ਆ ਨਾ, ਇਹ ਬਚਨ ਕੀਤਾ ਤਾਂ..........।

**ਸੇਵਾ ਸਿੰਘ ਜੀ** : ਬਚਨ ਏਥੇ ਕੀਤਾ ਸੀ ਤੇ ਕਿਹਾ ਸੀ ਦਸੂਹੇ ਤੋਂ ਬਾਹਰ ਬਾਹਰ?

**ਬਾਬਾ ਜੀ** : ਬਾਰਾਂ ਬਾਰਾਂ ਕੋਹ ਕਾਲ ਨਾ ਪਊ, ਕਦੀ ਝਿਟਕੀ ਲੱਗੂ ਕਦੀ ਘੱਟ ਵੱਧ ਹੋ ਜਾਊ, ਇਹ ਨਹੀਂ ਪਈ ਕਾਲ ਪੈ ਜਾਏ, ਕਾਲ ਨਾ ਪਊ, ਇਹ ਵਰ ਆ ਦਿੱਤਾ ਆ।

**ਸੇਵਾ ਸਿੰਘ ਜੀ** : ਪਹਿਲਾਂ ਤੇ ਗੁਰਦਵਾਰਾ ਚਬੂਤਰਾ ਈ ਬਣਿਆ ਸੀ ਚਾਰ ਚੁਫੇਰੇ?

**ਬਾਬਾ ਜੀ** : ਹਾਂ, ਪਹਿਲਾਂ ਚੁਬਾਰਾ ਸੀ, ਚਬੂਤਰਾ ਸੀ, ਫਿਰ ਮਗਰੋਂ ਮਹਾਰਾਜ ਦੀ ਕ੍ਰਿਪਾ, ਫਿਰ ਟੀਨਾਂ ਬਣਾ ਤੀਆਂ, ਟੀਨਾਂ ਦਾ ਬਾਹਰ ਬਾਹਰ।

**ਸੇਵਾ ਸਿੰਘ ਜੀ** : ਚਾਰ ਚੁਫੇਰੇ ਗੁਰਦਵਾਰਾ ਬਣਿਆ, ਹੁਣ ਤੇ ਲੱਖ ਰੁਪਏ ਦੇ ਲਗਭਗ ਲੱਗ ਕੇ..........।

**ਬਾਬਾ ਜੀ** : ਹੁਣ ਲੱਖ ਲੱਗ ਗਿਆ ਜੀ, ਲਖ ਰੁਪਇਆ ਲਗ ਗਿਆ।

**ਸੇਵਾ ਸਿੰਘ ਜੀ** : ਏਹਦੇ ਲਈ ਉਗਰਾਹੀ ਵਗੈਰਾ ਤਾਂ ਨਹੀਂ ਕੋਈ ਵੀ ਕੀਤੀ ਹੋਣੀ?

**ਬਾਬਾ ਜੀ** : ਨਹੀਂ ਜੀ! ਮਹਾਰਾਜ ਨੇ ਆਪੇ ਈ ਕ੍ਰਿਪਾ ਕਰ ਤੀ, ਸਭ ਆਪੇ ਈ ਮਾਇਆ ਭੇਜ ਦਿੱਤੀ ਮਹਾਰਾਜ ਨੇ, ਕਿਸੇ ਨੂੰ ਪੁਛਣ ਦੀ ਦੱਸਣ ਦੀ ਲੋੜ ਕੋਈ ਲੋੜ ਨਹੀਂ ਰਹੀ, ਆਪੇ ਹੀ ਮਹਾਰਾਜ ਨੇ ਕ੍ਰਿਪਾ ਕੀਤੀ।

**ਸੇਵਾ ਸਿੰਘ ਜੀ** : ਪਹਿਲੇ ਤੁਸੀਂ ਇੱਕ ਵਾਰੀ ਦੱਸਿਆ ਸੀ ਪਈ ਜਦੋਂ ਕਈ ਵਾਰੀ ਮਾਇਆ ਦਾ ਤੋਟਾ ਆ ਜਾਂਦਾ ਸੀ, ਤੇ ਕਈ ਵਾਰੀ ਸਹਜ ਸੁਭਾ ਹੱਥ ਮਾਰਨਾ ਜੇਬਾਂ ਵਿੱਚ ਤਾਂ ਉੱਥੋਂ ਮਾਇਆ ਨਿਕਲ ਆਉਣੀ?

**ਬਾਬਾ ਜੀ** : ਨਿਕਲ ਪੈਂਦੀ ਰਹੀ ਆ।

**ਸੇਵਾ ਸਿੰਘ ਜੀ** : ਹੋਰ ਵੀ ਆਮ ਕੰਮ ਵਿੱਚ ਆਮ ਈ?

**ਬਾਬਾ ਜੀ** : ਪਈ ਕਿਤੋਂ ਨਾ ਕਿਤੋਂ ਨਿਕਲ ਪੈਣੀ।

**ਸੇਵਾ ਸਿੰਘ ਜੀ** : ਆ ਸੈਂਕੜੇ ਰੁਪਏ ਦੇ ਹਿਸਾਬ........।

**ਬਾਬਾ ਜੀ** : ਹਾਂ, ਮਹਾਰਾਜ ਏਦਾਂ ਈ ਕ੍ਰਿਪਾ ਕਰਦੇ ਹੁੰਦੇ ਰਹੇ ਆ।

**ਸੇਵਾ ਸਿੰਘ ਜੀ** : ਕਦੀ ਕੰਮ ਨਹੀਂ ਅੜਿਆ ਸੀ?

**ਬਾਬਾ ਜੀ** : ਜਦੋਂ ਲੋੜ ਪੈਣੀ ਉਦੋਂ ਕੋਈ ਨਾ ਕੋਈ ਬਹਾਨਾ ਮਹਾਂਰਾਜ ਨੇ ਏਦਾਂ ਈ ਕਰ ਦੇਣਾ।

**ਸੇਵਾ ਸਿੰਘ ਜੀ** : ਇਹ ਠੀਕ ਆ ਜੀ! ਹੁਣ ਇਹ ਇਨ੍ਹਾਂ ਸਾਰੇ ਬਚਨ ਤੁਸੀਂ ਜਿਹੜੇ, ਬੜੀ ਕ੍ਰਿਪਾ ਕੀਤੀ, ਇਹ ਰਿਕਾਰਡ ਕਰਾਏ ਆ, ਹੁਣ ਅਗਾਂਹ ਨੂੰ ਵੀ ਤੁਸੀਂ ਇਹ ਇੱਕ ਬਚਨ ਦਿਉ ਪਈ ਅਗਾਂਹ ਵੀ ਸਰੀਰ ਛੱਡ ਕੇ ਵੀ ਬਾਅਦ ਵਿੱਚ ਵੀ ਤੇ ਸਾਨੂੰ ਨਾ ਭੁਲਾਇਉ, ਹੈਂ ਜੀ।

**ਬਾਬਾ ਜੀ** : ਅੱਛਾ ਮਹਾਰਾਜ ਕ੍ਰਿਪਾ ਕਰੇ, ਜੇ ਮਹਾਂਰਾਜ ਕ੍ਰਿਪਾ ਕਰੇ ਤਾਂ, ਏਹ ਮਰਨੇ ਆਲੀ ਤਾਂ ਗੱਲ ਈ ਨਹੀਂ, ਇਸ ਸਭ ਸੰਗਤਾਂ ਦੇ ਦਰਸ਼ਨ ਕਰਦੇ ਰਹਿਣਾ, ਸਭਨਾਂ ਨੂੰ ਆਪਣੀ ਵੱਲੋਂ ਸੁਮੱਤ ਦੱਸਣੀ ਅਗਲੇ ਨੂੰ, ਇਹ ਤਾਂ ਫਰਜ ਈ ਆ ਸਾਡਾ।

**ਸੇਵਾ ਸਿੰਘ ਜੀ** : ਠੀਕ ਆ ਜੀ, ਇਹ ਕ੍ਰਿਪਾ ਕਰਦੇ ਰਹਿਓ, ਹੈਂ ਜੀ।

**ਬਾਬਾ ਜੀ** : ਕ੍ਰਿਪਾ ਕਰਨ ਆਲੇ ਤਾਂ................।

**ਸੇਵਾ ਸਿੰਘ ਜੀ/ਬਾਬਾ ਜੀ** : ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥



## ਗੁਰਦੁਆਰਾ ਸਾਹਿਬ ਵੱਲੋਂ ਪ੍ਰਚਾਰ ਹਿੱਤ
## "ਮੋਖ-ਰਹਿਤ" ਵੰਡੀਆਂ ਜਾ ਰਹੀਆਂ ਪੁਸਤਕਾਂ ਤੇ ਟ੍ਰੈਕਟਾਂ ਦਾ ਵੇਰਵਾ

ਲੇਖਕ ਅਤੇ ਪ੍ਰਕਾਸ਼ਕ : ਸੰਤ ਸੇਵਾ ਸਿੰਘ

| | |
|---|---|
| 1. ਸੋ ਕਿਨੇਹਿਆ ? ਭਾਗ-1 | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 2. ਸੇ ਕਿਨੇਹਿਆ ? ਭਾਗ-2 | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 3. ਸਬਦੁ ਗੁਰ ਪੀਰਾ | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 4. ਗੁਰੂ ਗ੍ਰੰਥ ਸਾਹਿਬ ਦਰਸ਼ਨ | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 5. ਬਾਰਹਮਾਹਾ ਮਾਂਝ (ਸਟੀਕ ਤੇ ਸਰਲ ਵੀਚਾਰ) | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 6. ਨਿੱਤਨੇਮ (ਸਰਲ-ਸਟੀਕ) | (ਪੰਜਾਬੀ, ਅੰਗ੍ਰੇਜ਼ੀ) |
| 7. ਨਿੱਤਨੇਮ ਤੇ ਹੋਰ ਬਾਣੀਆਂ (ਗੁਟਕਾ ਸਾਹਿਬ) | (ਪੰਜਾਬੀ, ਹਿੰਦੀ) |
| 8. ਸੁਖਮਨੀ ਸਾਹਿਬ (ਗੁਟਕਾ ਸਾਹਿਬ) | (ਪੰਜਾਬੀ, ਹਿੰਦੀ) |
| 9. ਜਪੁਜੀ ਸਾਹਿਬ, ਰਹਿਰਾਸ ਸਾਹਿਬ, ਕੀਰਤਨ ਸੋਹਿਲਾ (ਗੁਟਕਾ ਸਾਹਿਬ) | (ਪੰਜਾਬੀ, ਹਿੰਦੀ) |
| 10. ਲਾਵਾਂ (ਸਰਲ-ਸਟੀਕ) | (ਪੰਜਾਬੀ, ਅੰਗ੍ਰੇਜ਼ੀ) |
| 11. ਅਰਦਾਸ (ਸਰਲ-ਸਟੀਕ) | (ਪੰਜਾਬੀ, ਅੰਗ੍ਰੇਜ਼ੀ) |
| 12. ਗੁਰੁ ਸਾਗਰੁ | (ਪੰਜਾਬੀ) |
| 13. ਪ੍ਰਭੂ ਬਖਸ਼ਿਸ਼ ਕੇਸ | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 14. ਬਾਰਹਮਾਹਾ ਮਾਂਝ ਦੇ ਹਰ ਮਹੀਨੇ ਦੇ ਟ੍ਰੈਕਟ (ਸਟੀਕ) | (ਪੰਜਾਬੀ, ਅੰਗ੍ਰੇਜ਼ੀ) |
| 15. ਗੁਰ ਚਾਲੀ | (ਪੰਜਾਬੀ) |
| 16. ਗੁਰੂ ਸਿਖਿਆਵਾਂ | (ਪੰਜਾਬੀ) |
| 17. ਸਮਾਜਿਕ ਕੁਰੀਤੀਆਂ | (ਪੰਜਾਬੀ, ਅੰਗ੍ਰੇਜ਼ੀ) |
| 18. ਸਾਡਾ ਵਿਰਸਾ ਅਤੇ ਸ੍ਵੈ-ਪੜਚੋਲ | (ਪੰਜਾਬੀ, ਅੰਗ੍ਰੇਜ਼ੀ) |
| 19. ਜੈਸੀ ਸੰਗਤਿ ਤੈਸੀ ਰੰਗਤ | (ਪੰਜਾਬੀ, ਅੰਗ੍ਰੇਜ਼ੀ) |
| 20. ਐਸੇ ਕਾਹੇ ਭੂਲਿ ਪਰੇ | (ਪੰਜਾਬੀ) |
| 21. ਮਨੁੱਖਾ ਜਨਮ ਅਤੇ ਗੁਰੂ ਦੀ ਮਹਾਨਤਾ | (ਪੰਜਾਬੀ, ਅੰਗ੍ਰੇਜ਼ੀ) |
| 22. ਗੁਰਬਾਣੀ ਸਤਿਕਾਰ | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 23. ਕਚਹੁ ਕੰਚਨੁ ਭਇਅਉ | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 24. ਸੰਤਨ ਕੀ ਸੁਣਿ ਸਾਚੀ ਸਾਖੀ | (ਪੰਜਾਬੀ) |
| 25. ਚੰਗੇ ਸਾਹਿਤ ਦਾ ਚਮਤਕਾਰੀ-ਲਾਭ | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 26. ਮਨੁੱਖਤਾ ਦੇ ਦੁਸ਼ਮਨ ਨਸ਼ੇ | (ਪੰਜਾਬੀ, ਹਿੰਦੀ, ਅੰਗ੍ਰੇਜ਼ੀ) |
| 27. ਸੰਖੇਪ ਜਾਣਕਾਰੀ (ਗੁਰਦੁਆਰਾ ਰਾਮਪੁਰ ਖੇੜਾ ਸਾਹਿਬ) | (ਪੰਜਾਬੀ, ਅੰਗ੍ਰੇਜ਼ੀ) |
| 28. ਗੁਰਮਤਿ ਦੇ ਪਾਂਧੀ | (ਪੰਜਾਬੀ) |
| 29. ਰਾਗਮਾਲਾ ਮੰਡਨ ਪ੍ਰਬੋਧ | (ਪੰਜਾਬੀ) |
| 30. ਧਰਤ ਅਨੰਦਪੁਰ ਦੀ | (ਪੰਜਾਬੀ) |
| **31. Hair; A Divine Gift** | **(English)** |
| **32. Social Malpractice** | **(English)** |
| **33. Human Existence and Importance of the Guru** | **(English)** |
| **34. Intoxicants; Enemy of Humanity** | **(English)** |
| **35. Cosmic Divinity of Adi Guru Granth Sahib** | **(English)** |
| **36. As the Company So We Are** | **(English)** |
| **37. Our Inheritance & Introspection** | **(English)** |
| 38. ਉਜੜੁ ਥੇਹੁ ਵਸਾਇਓ | (ਧਾਰਮਿਕ ਪੰਜਾਬੀ ਫਿਲਮ) |
| 39. ਆਪਣੀ ਖੇਤੀ ਰਖਿ ਲੈ | (ਧਾਰਮਿਕ ਪੰਜਾਬੀ ਫਿਲਮ) |

## ਮੋਖ ਰਹਿਤ (ਫ਼ਰੀ) ਪੁਸਤਕਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ

### INDIA


**Gurdwara RamPur Khera Sahib**
P.O. Garhdiwala Distt. Hoshiarpur-144207 (Pb.)
Phone No. 01886 260334.
Email: RamPurKhera@Yahoo.ca | www.RamPurKhera.com


### CANADA

- S. Pershan Singh (Mississauga, ON) (905) 820-0488
- S. Bhupinder Singh (Brampton, ON) (647) 290-3200
- S. Kashmir Singh (Brampton, ON) (647) 895-9655
- S. Dilbag Singh (Surrey, BC) (604) 591-3968
- S. Ranjodh Singh (Surrey, BC) (604) 725-3349

### USA

- S. Rajinder Singh Raja (Manteca CA) (408) 466-7105, (209) 456-6813
- S. Sukhbir Singh (Yuba City, CA) (530) 673-7225
- S. Gurdial Singh (Modesto, CA) (209) 495-9544
- S.Madanjit Singh (Fairfield, CA) (707) 399-8720
- S. Sukhjit Singh (Los Angeles, CA) (714) 538-8118

### U.K.

- S . Harbinder Singh (Wolverhampton) 01902-333914

## ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਪੁੱਜਣ ਲਈ ਰਾਹ ਚਿੱਤਰ




### ਰੂਟ ਨੰ: 1

ਫਗਵਾੜਾ ਤੋਂ ਗੁਰਦੁਆਰਾ ਸਾਹਿਬ ਵਾਇਆ ਹੁਸ਼ਿਆਰਪੁਰ

| | |
|---|---|
| ਫਗਵਾੜਾ ਤੋਂ ਹੁਸ਼ਿਆਰਪੁਰ | 37 km |
| ਹੁਸ਼ਿਆਰਪੁਰ ਤੋਂ ਗੌਂਦਪੁਰ | 28 km |
| ਗੋਂਦਪੁਰ ਤੋਂ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ | 1 km |

### ਰੂਟ ਨੰ: 2

ਜਲੰਧਰ ਤੋਂ ਗੁਰਦੁਆਰਾ ਸਾਹਿਬ ਵਾਇਆ ਹੁਸ਼ਿਆਰਪੁਰ

| | |
|---|---|
| ਜਲੰਧਰ ਤੋਂ ਹੁਸ਼ਿਆਰਪੁਰ | 45 km |
| ਹੁਸ਼ਿਆਰਪੁਰ ਤੋਂ ਗੌਂਦਪੁਰ | 28 km |
| ਗੋਂਦਪੁਰ ਤੋਂ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ | 1 km |

### ਰੂਟ ਨੰ: 3

ਜਲੰਧਰ ਤੋਂ ਗੁਰਦੁਆਰਾ ਸਾਹਿਬ ਵਾਇਆ ਦਸੂਹਾ

| | |
|---|---|
| ਜਲੰਧਰ ਤੋਂ ਦਸੂਹਾ | 60 km |
| ਦਸੂਹਾ ਤੋਂ ਗੜ੍ਹਦੀਵਾਲਾ | 11 km |
| ਗੜ੍ਹਦੀਵਾਲਾ ਤੋਂ ਗੌਂਦਪੁਰ | 2 km |
| ਗੋਂਦਪੁਰ ਤੋਂ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ | 1 km |